# ਧਰਮ ਯਾ ਮਜ਼ਬ ਲੇਖ ੫੪ ਭਾਗ ੯

ਜਿਸ ਤਰ੍ਹਾਂ ਕਿ ਪਹਿਲਾਂ ਦਸਿਆ ਜਾ ਚੁੱਕਾ ਹੈ, ਕਿ **'ਧਰਮ' ਦੇ ਦੋ 'ਪੱਖ'** ਹਨ :—

1. **ਅੰਤ੍ਰੀਵ 'ਆਤਮਿਕ ਧਰਮੁ'**—ਜੋ ਇਲਾਹੀ 'ਜੋਤ' ਦਾ 'ਪ੍ਰਕਾਸ਼' ਹੈ, ਅਥਵਾ 'ਨਾਮੁ' ਹੈ।
2. **ਬਾਹਰਮੁਖੀ ਮਾਨਸਿਕ 'ਧਰਮ'**—ਜੋ 'ਜੀਵ' ਦੇ
   - (ੳ) ਅੰਤਿਸ਼ਕਰਨ ਦੀ ਰੰਗਤ
   - (ਅ) ਬੁਧੀ ਦੇ ਗਿਆਨ
   - (ੲ) ਸੰਗਤ ਯਾ ਕੁਸੰਗਤ
   - (ਸ) ਮਾਨਸਿਕ ਸਾਧਨਾ
   - (ਹ) ਸਰੀਰਕ ਕਰਮ-ਕਿਰਿਆ

**ਉਤੇ ਨਿਰਭਰ ਹੈ,** ਅਤੇ ਮਾਇਕੀ ਮੰਡਲ ਵਿਚ ਪਰਵਿਰਤ ਹੈ, **ਜਿਸ ਦੀ ਬੁਨਿਆਦ ਸਾਡਾ ਅੰਤਿਸ਼ਕਰਨ ਹੀ ਹੈ**—ਜੋ

ਪਿਛਲੇ ਜਨਮ ਦੀ **ਰੰਗਤ**
ਇਸ ਜਨਮ ਦੀ **ਸੰਗਤ**
ਬੁਧੀ ਦੀ **ਤੀਖਣਤਾ**
**ਕਰਮ-ਧਰਮ**

**ਉਤੇ ਨਿਰਭਰ ਹੈ**, ਅਤੇ ਬਦਲਦਾ ਰਹਿੰਦਾ ਹੈ।

ਸਾਡਾ 'ਜੀਵਨ' ਯਾ **'ਸ਼ਖਸੀਅਤ'** (Personality) ਦੀਆਂ ਕਈ ਤੈਹਾਂ (Layers) ਹਨ :—

ਆਤਮਿਕ **ਜੋਤ** ਦਾ **ਪ੍ਰਕਾਸ਼** ਯਾ 'ਨਾਮੁ'
ਅੰਤਿਸ਼ਕਰਨ
ਦੈਵੀ ਗੁਣਾਂ ਦੀ ਰੰਗਤ
ਮਨ ਦੀ ਬਦਲਵੀਂ ਰੰਗਤ
ਵਲਵਲਿਆਂ ਦਾ ਉਛਾਲ



# Religion or Creed Part 9 Lekh 54

It has been related before that 'Religion' has two aspects:-

1 The Internal 'Spiritual Religion' – which is the illumination of the Divine Light or 'Naam'

2 External mental 'religion'- is dependent on the

- a) hue or colour of the subconsciousness
- b) intellectual knowledge
- c) good or bad company
- d) mental methods
- e) physical rites and rituals

of the (human) being and it operates in the materialistic sphere. It has its origin in our subconsciousness – which is dependent on

the hue of previous lives
the company during this life
the sharpness of the intellect
religious belief and practice,

and keeps on changing.

There are many layers of our 'life' or personality:-

The illumination of the spiritual light or 'Naam'
The subconsciousness
The colouring of the Divine Virtues
The changing phase of the mind
The over flowing of emotions

ਬੁੱਧੀ ਦੀ ਵਿਚਾਰ ਸ਼ਕਤੀ
ਧਾਰਮਿਕ ਖ਼ਿਆਲ ਯਾ ਨਿਸਚੇ
ਸਰੀਰਕ ਕਰਮ–ਕਿਰਿਆ ।

ਇਸ ਤਰ੍ਹਾਂ ਸਾਡੇ ਜੀਵਨ ਦੀਆਂ ਇਹਨਾਂ ਸਾਰੀਆਂ **'ਤੈਹਾਂ' ਦੀ ਸਮੁੱਚੀ 'ਰੰਗਤ' ਨੂੰ ਹੀ**

**'ਸ਼ਖਸੀਅਤ'** (Personality)

ਕਿਹਾ ਜਾਂਦਾ ਹੈ, ਅਤੇ ਇਸ **'ਸ਼ਖਸੀਅਤ' ਦੀ** 'ਹਵਾੜ' (Essence) **ਹੀ, ਹਰ ਇਕ 'ਮਨੁਖ' ਦਾ ਆਪੋ-ਆਪਣਾ ਅਸਲੀ ਅਤੇ ਵਿਆਪਕ**

**'ਨਿਜੀ ਧਰਮ'** (Personal religion) **ਹੈ ।**

ਸਾਡੀ ਇਸ ਮਾਨਸਿਕ **'ਸ਼ਖਸੀਅਤ' ਅਤੇ 'ਧਰਮ' ਉਤੇ**, ਅਨੇਕਾਂ ਬਾਹਰਲੇ ਖ਼ਿਆਲਾਂ ਅਤੇ **'ਕਰਮ-ਧਰਮ' ਦੀ ਰੰਗਤ ਦਾ ਅਸਰ**, ਖਿਨ-ਖਿਨ ਪੈਂਦਾ ਰਹਿੰਦਾ ਹੈ, ਜਿਸ ਕਾਰਨ ਸਾਡੀ **'ਸ਼ਖਸੀਅਤ' ਅਤੇ 'ਨਿਜੀ-ਧਰਮ' ਭੀ ਬਦਲਦਾ ਰਹਿੰਦਾ ਹੈ ।**

ਇਹੋ ਕਾਰਨ ਹੈ ਕਿ **ਸਤਸੰਗ ਅੰਦਰ**, ਭਉ-ਭਾਵਨੀ ਦੀ **ਰੰਗਤ ਹੋਰ ਹੁੰਦੀ ਹੈ**, ਅਤੇ **ਸਤਸੰਗ ਤੋਂ ਬਾਹਰ**—ਮਾਇਆ ਦੇ ਪ੍ਰਭਾਵ ਹੇਠ, ਸਾਡੀ ਸ਼ਖਸੀਅਤ ਅਤੇ ਖ਼ਿਆਲਾਂ ਦੀ ਰੰਗਤ **ਅਤੇ** ਭਾਵਨਾਵਾਂ, **ਕੁਝ ਹੋਰ ਹੋ ਜਾਂਦੀਆਂ** ਹਨ ।

ਦੂਜੇ ਲਫ਼ਜ਼ਾਂ ਵਿਚ—ਸਾਡੇ ਮਨ ਦੀ **'ਬਦਲਵੀਂ-ਰੰਗਤ' ਅਨੁਸਾਰ ਹੀ**, ਸਾਡਾ

ਜੀਵਨ
ਸ਼ਖਸੀਅਤ
ਧਾਰਮਿਕ ਨਿਸਚੇ
ਕਰਮ–ਕਿਰਿਆ
ਧਰਮ–ਕਰਮ
ਭਉ–ਭਾਵਨੀ

**ਭੀ ਬਦਲਦੇ ਰਹਿੰਦੇ ਹਨ ।**

"ਕਬਹੂ ਜੀਅੜਾ ਊਭਿ ਚੜਤੁ ਹੈ, ਕਬਹੂ ਜਾਇ ਪਇਆਲੇ ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ, ਚਾਰੇ ਕੁੰਡਾ ਭਾਲੇ ॥" **(ਪੰਨਾ—876)**



The intellect's power of deliberation
Religious thought or faith
Physical rites and rituals.

Thus the overall colouring of all these layers is indeed said to be (one's) personality

and the essence of this personality is in fact every man's own real and all – embracing

Personal Religion.

The effect of the colouring of various external thoughts and religious beliefs and practices continues to fall every moment on our mental 'personality' and 'religion' as a result of which our personality and 'personal religion' are also ever changing.

This is why in the company of the satsangat, the colouring of fear-orientatedness is different, and (when) away from satsangat – under the influence of materialism - the colouring of our thoughts and personality and our desires become something else.

In other words, it is according to the 'changing-colouring' of our mind, that our

life
personality
religious faith
rites and rituals
religious beliefs and practices
fear orientatedness

also keeps on changing.

*Sometimes, the soul soars high in the heavens, and sometimes it falls to the depths of the nether regions.*
*The greedy soul does not remain stable; it searches in the four directions.* 876

"ਇਹੁ ਮਨੂਆ ਖਿਨੁ ਨ ਟਿਕੈ,
ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ ॥"
(ਪੰਨਾ—170)

"ਮਨ ਕੇ ਅਧਿਕ ਤਰੰਗ, ਕਿਉ ਦਰਿ ਸਾਹਿਬ ਛੁਟੀਐ ॥"
(ਪੰਨਾ—1088)

"ਖਿਨੁ ਆਵੈ ਖਿਨੁ ਜਾਵੈ, ਦੁਰਗੰਧ ਮੜੈ ਚਿਤੁ ਲਾਇਆ ਰਾਮ ॥"
(ਪੰਨਾ—442)

ਅਸਲ ਵਿਚ, ਇਨਸਾਨ ਦਾ 'ਜੀਵਨ', ਕਈ 'ਪੱਖੀ' ਅਤੇ 'ਸਵੈ-ਵਿਰੋਧੀ' ਹੈ। 'ਅੰਤਿਸ਼ਕਰਨ' ਦੀ 'ਰੰਗਤ' ਪ੍ਰਬਲ ਹੋਣ ਕਾਰਨ, ਸਾਡੇ ਓਪਰੇ ਖ਼ਿਆਲਾਂ ਤੇ 'ਹਾਵੀ' ਹੋ ਜਾਂਦੀ ਹੈ, ਅਤੇ ਜੀਵ ਬੇ-ਵਸ ਹੋ ਕੇ ਆਪਣੇ ਪੁਰਾਣੇ ਅੰਤਿਸ਼ਕਰਨ ਦੀ ਰੰਗਤ ਅਧੀਨ ਕਰਮ ਕਰਦਾ ਹੈ। ਏਸੇ ਕਰਕੇ ਕਈ ਦੈਵੀ ਖ਼ਿਆਲਾਂ ਵਾਲੇ ਜਗਿਆਸੂ—ਆਪਣੇ ਮੈਲੇ ਅੰਤਿਸ਼ਕਰਨ ਦੀ ਪ੍ਰਬਲ ਸ਼ਕਤੀ ਦੇ 'ਵਹਿਣ' ਵਿਚ ਰੁੜ੍ਹ ਜਾਂਦੇ ਹਨ, ਅਤੇ ਇਨਸਾਨ ਦੀ 'ਰੁਚੀ' ਮਲੀਨ ਹੋ ਜਾਂਦੀ ਹੈ।

ਇਸ ਦੇ ਉਲਟ ਜੇ ਕਰ ਮੈਲੇ ਅੰਤਿਸ਼ਕਰਨ ਵਾਲਾ ਜੀਵ, ਗੁਰਮੁਖ ਪਿਆਰਿਆਂ, ਮਹਾਂਪੁਰਖਾਂ ਦੀ ਪ੍ਰਬਲ 'ਸੰਗਤ' ਕਰੇ—ਤਾਂ ਉਸ ਦੀ ਭਉ-ਭਾਵਨੀ ਦੇ ਵਲਵਲੇ 'ਦੈਵੀ' ਹੋ ਜਾਂਦੇ ਹਨ, ਅਤੇ ਉਹ 'ਧਰਮ' ਦੀ ਕਮਾਈ ਕਰਦਾ ਹੈ।

"ਤਿਨਾ ਦੇਖਿ ਮਨਿ ਚਾਉ ਉਠੰਦਾ,
ਹਉ ਕਦਿ ਪਾਈ ਗੁਣਤਾਸਾ ॥" (ਪੰਨਾ—703)

"ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ,
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥" (ਪੰਨਾ—694)

"ਸਾਧ ਕੈ ਸੰਗਿ ਪਾਪ ਪਲਾਇਨ ॥
ਸਾਧ ਸੰਗਿ ਭਏ ਆਗਿਆਕਾਰੀ ॥
ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥
ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ ॥
ਸਾਧ ਕੈ ਸੰਗਿ ਮਿਟੈ ਅਭਿਮਾਨੁ ॥" (ਗਉੜੀ ਸੁਖਮਨੀ)

ਮਨੁਖ ਆਪਣੀ ਸ਼ਖਸੀਅਤ ਦੇ ਪ੍ਰਭਾਵ ਹੇਠ, ਇਕ ਵੇਲੇ, ਸੁਤੇ ਸਿਧ, ਕਈ ਰੰਗਾਂ, ਭੇਖਾਂ ਵਿਚ ਵਿਚਰਦਾ ਹੈ। ਇਸੇ ਨੂੰ ਹੀ 'ਪਾਖੰਡ' ਕਿਹਾ ਜਾਂਦਾ ਹੈ।— ਇਸ ਤਰ੍ਹਾਂ 'ਇਨਸਾਨ' ਦੂਹਰੇ, ਤੀਹਰੇ ਰੰਗਾਂ (Double or triple standards) ਵਿਚ ਖੇਲਦਾ ਹੈ।



1 *This mind does not hold still, even for an instant. Distracted by all sorts of distractions, it wanders around aimlessly in the ten directions.* 170

2 *The mind is churning with so many waves of desire. How can one be emancipated in the Court of the Lord?* 1088

3 *They attach their consciousness to the foul-smelling pile of filth, which comes for a moment, and departs in an instant.* 442

In actual fact man's life has many aspects which are 'self-contradictory. Because the colouring of our subconsciousness is powerful, it dominates our superficial thoughts and man being out of control, acts under the colouring of previous subconsciousness. For this reason, many truth seekers with virtuous thoughts get carried away in the 'tide' of power of their impure subconsciousness and man's inclination becomes polluted.

On the other hand if a man with filthy subconsciousnessness has the strong company of Guru orientated beloved ones and pure souls, then his emotions of fear-orientatedness become 'Divine' and he lives a 'religious life'.

4 *Beholding them, desire wells up in my mind; when will I obtain the Lord, the treasure of virtue?* 703

4 *Without the Saadh Sangat, the Company of the Holy, love for the Lord does not well up; without this love, Your devotional worship cannot be performed.* 694

5 *In the Company of the Holy, one's sins fly away.* 271-19

6 *In the Company of the Holy, we become obedient to the Lord.* 272-6

7 *In the Company of the Holy, God seems very sweet.* 272-5

8 *In the Company of the Holy, one's Dharmic faith is firmly established.* 271-16

9 *In the Company of the Holy, egotism is eliminated.* 271-5

Man under the influence of his personality at one and the same time spontaneously passes through many colours and guises. This is said to be 'hypocrisy'. In this way man plays with double or triple standards.

L54/3

ਇਸ ਤਰ੍ਹਾਂ ਪਾਖੰਡ ਕਰਕੇ, 'ਜੀਵ' :—

ਆਪਣੇ ਆਪ ਨਾਲ **ਧੋਖਾ ਕਰਦਾ ਹੈ**
ਦੂਜਿਆਂ ਨਾਲ **ਫ਼ਰੇਬ ਕਰਦਾ ਹੈ**
ਰਬ ਤੋਂ **ਬੇਮੁਖ ਹੁੰਦਾ ਹੈ**
ਧਰਮ ਤੋਂ **ਗਿਰ ਜਾਂਦਾ ਹੈ**
**ਪਾਪ ਕਮਾਉਂਦਾ ਹੈ**
ਅਮੋਲਕ ਜੀਵਨ ਅਜਾਈਂ ਗਵਾਉਂਦਾ ਹੈ
ਜਮਾਂ ਦੇ ਵਸ ਪੈਂਦਾ ਹੈ
ਆਵਾਗਵਨ ਦੇ ਗੇੜ ਵਿਚ ਪੈਂਦਾ ਹੈ ।

"ਕਰਮ ਧਰਮ ਪਾਖੰਡ ਜੋ ਦੀਸਹਿ, ਤਿਨ ਜਮੁ ਜਾਗਾਤੀ ਲੂਟੈ ॥"
(ਪੰਨਾ—747)

"ਕਰੈ ਦੁਹਕਰਮ ਦਿਖਾਵੈ ਹੋਰੁ॥ ਰਾਮ ਕੀ ਦਰਗਹ ਬਾਧਾ ਚੋਰੁ ॥"
(ਪੰਨਾ—194)

"ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥
ਜਮਪੁਰਿ ਬਾਧਾ ਚੋਟਾ ਖਾਵੈ ॥" (ਪੰਨਾ—194)

"ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥
ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥" (ਪੰਨਾ—194)

"ਦੁਹ ਵਿਚਿ ਦੁਖੀ ਦੁਬਾਜਰੇ, ਖਰਬੜ ਹੋਏ ਖੁਦੀ ਖੁਆਰਾ ॥
ਨਾ ਉਰਵਾਰ ਨ ਪਾਰੁ ਹੈ, ਗੋਤੇ ਖਾਨਿ ਭਰਮੁ ਸਿਰਿ ਭਾਰਾ ॥"
(ਵਾ: ਭਾ: ਗੁ: 33/1)

"ਦੁਖੀਆ ਦੁਸਟੁ ਦੁਬਾਜਰਾ, ਬਗੁਲ ਸਮਾਧਿ ਰਹੈ ਇਕ ਟੰਗਾ ॥...
ਮਨ ਵਿਚਿ ਵਸੈ ਕਾਲਕੂਟ, ਭਰਮੁ ਉਤਰੈ ਕਰਮੁ ਕੁਢੰਗਾ ॥
ਵਰਮੀ ਮਾਰੀ ਨ ਮਰੈ, ਬੈਠਾ ਜਾਇ ਪਤਾਲਿ ਭੁਇਅੰਗਾ ॥
ਦੂਜਾ ਭਾਉ ਸੁਆਉ ਨ ਚੰਗਾ ॥" (ਵਾ: ਭਾ: ਗੁ: 33/14)

ਏਹੋ ਜੇਹੇ **'ਪਖੰਡੀ' ਜੀਵਨ** ਵਿਚ :—

**ਆਤਮਾ ਕੁਝ ਹੋਰ ਕਹਿੰਦੀ ਹੈ,**
**ਅੰਤਿਸ਼ਕਰਨ ਵਿਚੋਂ** ਕੁਝ **ਹੋਰ 'ਹਵਾੜ'** ਨਿਕਲਦੀ ਹੈ,
**'ਮਨ' ਕੁਝ ਹੋਰ ਆਖਦਾ ਹੈ,**
**ਬੁੱਧੀ ਕੁਝ ਹੋਰ ਸੋਚਦੀ ਹੈ,**



Thus by being a hypocrite, 'man':-

deceives himself
tricks others
turns away from God
loses his religion
indulges in sin
wastes his invaluable life in vain
comes under the control of yamas (the couriers of death)
gets entangled in the circle of births and deaths.

1 *The religious rites, rituals and hypocrisies which are seen, are plundered by the Messenger of Death, the ultimate tax collector.* 747

2 *They do their evil deeds, and pretend otherwise;*
*but in the Court of the Lord, they shall be bound and gagged like thieves.* 194

3 *Their inner beings are filled with poison, and yet with their mouths, they preach words of Ambrosial Nectar.*
*Bound and gagged in the City of Death, they are punished and beaten.* 194

4 *Hiding behind many screens, they commit acts of corruption,*
*but in an instant, they are revealed to all the world.* 194

5 *Those in duality (sometimes with materialism-sometimes with God) waste away their life in vain and live in a state of anxiety.*
*They keep drifting in the world ocean, neither here nor there because they are carrying the burden of duality on their heads. B G var 33/1*

6 *The sinful person immersed in duality pretends to be in meditation like a crane standing on one leg.......*
*The poison remains in the mind as the false sinful pretensions of doubt do not leave the mind*
*Filling the snake pit does not kill the snake as the snake meaning the mind has moved I nto the nether region meaning it is entangled in deep falsehood...........*
*The relish of duality is not good (as the fruits of sin is death) BG 33/14*

In such a 'hypocritical' life:-
The soul says something else,
The 'steam' that comes out of the subconsciousness is something different,
The 'mind' says something else,
The intellect is thinking differently,

ਕਾਮ ਆਪਣੀਆਂ ਲੈਹਰਾਂ ਮਾਰਦਾ ਹੈ,
ਕ੍ਰੋਧ ਆਪਣੇ ਭਾਂਬੜ ਮਚਾਈ ਜਾਂਦਾ ਹੈ,
ਲੋਭ ਅੱਡ ਹਲਕਾਇਆ ਫਿਰਦਾ ਹੈ,
ਮੋਹ ਆਪਣੇ ਫੰਧੇ ਵਿਚ ਫਸਾਈ ਜਾਂਦਾ ਹੈ,
ਮੈਂ-ਮੇਰੀ— ਆਪਣੇ 'ਜੱਫੇ' ਮਾਰਦੀ ਹੈ,
ਹਉਮੈ ਦਾ ਸ਼ੇਰ ਆਪਣੀਆਂ ਬੜ੍ਹਕਾਂ ਮਾਰਦਾ ਹੈ !

'ਜੀਵ' ਦੀ ਇਸ **ਤਰਸਯੋਗ ਹਾਲਤ ਨੂੰ** ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ :—

"ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥
ਪਾਂਚ ਪਚੀਸ ਮੋਹ ਮਦ ਮਤਸਰ, ਆਡੀ ਪਰਬਲ ਮਾਇਆ ॥
ਜਨ ਗਰੀਬ ਕੋ ਜੋਰੁ ਨ ਪਹੁਚੈ, ਕਹਾ ਕਰਉ ਰਘੁਰਾਇਆ ॥
ਕਾਮ ਕਿਵਾਰੀ, ਦੁਖ ਸੁਖ ਦਰਵਾਨੀ, ਪਾਪੁ ਪੁੰਨੁ ਦਰਵਾਜਾ ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ, ਤਹ ਮਨੁ ਮਾਵਾਸੀ ਰਾਜਾ ॥
ਸ੍ਵਾਦ ਸਨਾਹ, ਟੋਪੁ ਮਮਤਾ ਕੋ, ਕੁਬੁਧਿ ਕਮਾਨ ਚਢਾਈ ॥
ਤਿਸਨਾ ਤੀਰ ਰਹੇ ਘਟ ਭੀਤਰਿ, ਇਉ ਗਢੁ ਲੀਓ ਨ ਜਾਈ ॥"
(ਪੰਨਾ—1161)

"ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥
ਏਨੀ ਠਗੀਂ ਜਗੁ ਠਗਿਆ, ਕਿਨੈ ਨ ਰਖੀ ਲਜ ॥" (ਪੰਨਾ—1288)

ਜਨਮਾਂ-ਜਨਮਾਂਤਰਾਂ ਤੋਂ ਮਨੁਖੀ ਬਿਰਤੀ ਦਾ **ਦ੍ਰਿਸ਼ਟਮਾਨ ਤੇ ਮਾਇਕੀ ਜਗਤ** ਵਿਚ **ਯਕੀਨ ਹੋਣ ਕਰਕੇ**, ਇਨਸਾਨ ਦਾ, **ਪ੍ਰਭੂ ਦੀ ਅਦ੍ਰਿਸ਼ਟ, ਕਰਣ**-ਕਾਰਣ, **ਸਰਬ-ਸਮਰਥ 'ਸ਼ਕਤੀ' ਉਤੇ—ਵਿਸ਼ਵਾਸ ਛੇਤੀ ਕੀਤਿਆਂ ਨਹੀਂ ਬਣਦਾ।** ਇਹ ਵਿਸ਼ਵਾਸ ਕਦੀ **'ਬਣਦਾ' ਹੈ, ਕਦੀ 'ਟੁਟਦਾ' ਹੈ**, ਅਤੇ ਇਸ ਤਰ੍ਹਾਂ 'ਡੋਲਦਾ' **ਰਹਿੰਦਾ ਹੈ।** ਇਸ ਦਾ ਨਤੀਜਾ ਇਹ ਨਿਕਲਦਾ ਹੈ, ਕਿ ਜਗਿਆਸੂ **ਇਕ ਕਦਮ ਪ੍ਰਮਾਰਥ ਵਲ ਪੁਟਦਾ ਹੈ, ਪਰ ਦਸ ਕਦਮ 'ਮਾਇਆ' ਪਿਛੇ ਖਿਚ ਲੈਂਦੀ ਹੈ।**

"ਜੇ ਇਕ ਵਿਖ ਅਗਾਹਾ ਭਰੇ,
ਤਾ ਦਸ ਵਿਖਾਂ ਪਿਛਾਹਾ ਜਾਇ ॥" (ਪੰਨਾ—1246)

ਇਸ ਤਰ੍ਹਾਂ ਮਾਇਕੀ ਪ੍ਰਭਾਵ ਹੇਠ ਇਨਸਾਨ ਦਾ ਸਾਰਾ ਧਾਰਮਿਕ ਤੇ ਦੁਨਿਆਵੀ ਜੀਵਨ '**ਦੁਬਿਧਾ**', **'ਭਰਮ' ਜਾਂ 'ਸਹਸੇ' ਵਿਚ ਬੇਅਰਥ ਚਲੇ ਜਾਂਦਾ ਹੈ। ਦੂਜੇ** ਲਫਜ਼ਾਂ ਵਿਚ, ਇਨਸਾਨ ਦੀ ਕੋਈ **ਰੂਹਾਨੀ ਤਰੱਕੀ ਨਹੀਂ ਹੁੰਦੀ।** ਇਸ 'ਦੁਬਿਧਾ'



Passion is creating its own waves,
Anger is keeping its flames burning,
Greed is showing its own intense greed,
Attachment is entangling (man) in its own trap,
Me-mineness is trying to have a tight 'embrace'
The lion of egotism is roaring!

Such pitiful condition of man is described in Gurbani thus:-

1 *How can the beautiful fortress be conquered, O Siblings of Destiny?*
*It has double walls and triple moats. ||1||Pause||*
*It is defended by the five elements, the twenty-five categories, attachment, pride, jealousy and the awesomely powerful Maya.*
*The poor mortal being does not have the strength to conquer it; what should I do now, O Lord? ||1||*
*Sexual desire is the window, pain and pleasure are the gate-keepers, virtue and sin are the gates.*
*Anger is the great supreme commander, full of argument and strife, and the mind is the rebel king there. ||2||*
*Their armor is the pleasure of tastes and flavors, their helmets are worldly attachments; they take aim with their bows of corrupt intellect.*
*The greed that fills their hearts is the arrow; with these things, their fortress is impregnable.* 1161

2 *Royal power, wealth, beauty, social status and youth are the five thieves.*
*These thieves have plundered the world; no one's honor has been spared.* 1288

Man cannot acquire faith quickly in the invisible, in the cause of causes, in the all powerful 'energy' of God, because of man's confidence and belief in the visible and the materialistic world through numerous previous lives. Sometimes this belief is there, sometimes it is not there and keeps wavering this way. The result is this is that the truth seeker takes one step towards spirituality, but materialism' pulls him back ten steps.

3 *He takes one step forward, and then moves back ten steps.* 1246

In this way under the influence of materialism, all of man's religious and worldly life goes awaste in 'doubt', fallacy or anxiety. In other words there is no progress in man's spirituality. This 'doubt' or double mindedness

ਜਾਂ **'ਭਰਮ' ਦੀ ਖਾਈ (Ditch)** ਪ੍ਰਥਾਇ ਗੁਰਬਾਣੀ ਇਉਂ ਰੋਸ਼ਨੀ ਪਾਉਂਦੀ ਹੈ :—

"ਦੂਜਾ ਭਾਉ ਦੁਬਾਜਰਾ, ਮਨ ਪਾਟੈ ਖਰਬਾੜੂ ਖੀਰਾ ॥
ਅਗਹੁ ਮਿਠਾ ਹੋਇ ਮਿਲੈ, ਪਿਛਹੁ ਕਉੜਾ ਦੋਖੁ ਸਰੀਰਾ ॥'
(ਵਾ: ਭਾ: ਗੁ: 33/15)

"ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥" (ਪੰਨਾ—113)

"ਦੁਬਿਧਾ ਰੋਗੁ ਸੁ ਅਧਿਕ ਵਡੇਰਾ, ਮਾਇਆ ਕਾ ਮੁਹਤਾਜੁ ਭਇਆ ॥"
(ਪੰਨਾ—1153)

"ਦੁਬਿਧਾ ਮਨਮੁਖ ਰੋਗਿ ਵਿਆਪੇ, ਤ੍ਰਿਸਨਾ ਜਲਹਿ ਅਧਿਕਾਈ ॥"
(ਪੰਨਾ—1130)

"ਦੂਜੈ ਭਰਮਿ ਭੁਲਾਇਆ, ਹਉਮੈ ਦੁਖੁ ਪਾਹੀ ॥" (ਪੰਨਾ—1091)

"ਏਹੁ ਸਰੀਰੁ ਸਭ ਮੂਲੁ ਹੈ ਮਾਇਆ ॥
ਦੂਜੈ ਭਾਇ ਭਰਮਿ ਭੁਲਾਇਆ ॥" (ਪੰਨਾ—1065)

"ਹਉਮੈ ਵਿਚਿ ਸਭੁ ਜਗੁ ਬਉਰਾਨਾ '।
ਦੂਜੈ ਭਾਇ ਭਰਮਿ ਭੁਲਾਨਾ ॥" (ਪੰਨਾ—15 )

"ਦੂਜੈ ਭਾਇ ਭਰਮਿ ਵਿਗੁਤੀ, ਮਨਮੁਖਿ ਮੋਹੀ ਜਮਕਾਲਿ ॥"
(ਪੰਨਾ—569)

"ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥
ਇਹੁ ਮਨੁ ਜਲਿਆ ਦੂਜੈ ਦੋਇ ॥" (ਪੰਨਾ—1176)

"ਦੂਜੈ ਭਾਇ ਵਿਗੁਚੀਐ, ਗਲਿ ਪਈਸੁ ਜਮ ਕੀ ਫਾਸ ॥"
(ਪੰਨਾ—134)

ਇਸ ਤਰ੍ਹਾਂ 'ਮਨੁਖ', **'ਇਲਾਹੀ-ਪ੍ਰਕਾਸ਼'** ਯਾ **'ਨਾਮੁ'** ਵਾਲੇ **'ਇਕੋ-ਇਕ' 'ਆਤਮਿਕ ਧਰਮ' ਤੋਂ** :—

**'ਬੇ ਸੁਰਾ' ਹੋ ਕੇ**
**'ਬੇ-ਮੁਖ' ਹੋ ਕੇ**
**'ਆਪ-ਹੁਦਰਾ' ਹੋ ਕੇ**
**'ਆਪਣੇ-ਭਾਣੇ' ਵਿਚ**
**ਅਗਿਆਨਤਾ ਵਿਚ**
**ਭਰਮ-ਭੁਲਾਵੇ ਵਿਚ**
**'ਹਉਮੈ' ਵਿਚ**



or 'ditch' of fallacy is described by Gurbani thus:-

1 *A two faced mind-orientated person's mind breaks up in the same way as when milk solids separate from water in milk.*
*At first it appears sweet but later it turns bitter and causes disease.* *BG33/15*

2 *second, the sense of duality; third, the three-phased Maya.* *113*

3 *The disease of duality is so very deadly; it causes dependence on Maya.* *1153*

4 *The self-willed manmukhs are afflicted with the disease of duality; they are burnt by the intense fire of desire.* *1130*

5 *He is deluded by duality and doubt. In egotism, he suffers in pain.* *1091*

6 *This body is the source of all Maya;*
*in love with duality, it is deluded by doubt.* *1065*

7 *The entire world has gone insane in egotism.*
*In the love of duality, it wanders deluded by doubt.* *159*

8 *The love of duality and doubt have ruined the self-willed manmukh, who is lured away by the Messenger of Death.* *569*

9 *This mind is not even touched by spring.*
*This mind is burnt by duality and double-mindedness.* *1176*

10 *In the love of duality, the soul-bride is ruined; around her neck she wears the noose of Death.* *134*

In this way man:-

by getting out of tune
by disregarding
by being self-willed
by acting according to his own command
in ignorance
in doubt fallacy

of the 'divine illumination' or Naam of the one and only 'spiritual religion',

ਅਨੇਕਾਂ ਅਖੌਤੀ ਬਾਹਰਮੁਖੀ 'ਧਰਮਾਂ' ਵਿਚ ਵਿਚਰਦਾ ਹੋਇਆ—ਆਪਣੀ 'ਮਨ-ਮਰਜ਼ੀ' ਨਾਲ ਕਰਮ ਕਰਦਾ ਅਤੇ ਨਤੀਜੇ ਭੁਗਤਦਾ ਹੈ।

ਆਪਣੇ ਕੇਂਦਰ—'ਆਤਮ-ਪ੍ਰਕਾਸ਼', ਅਥਵਾ 'ਸ਼ਬਦੁ', 'ਨਾਮੁ', 'ਹੁਕਮੁ' ਤੋਂ 'ਬੇਮੁਖ' ਅਤੇ 'ਬੇਸੁਰਾ' ਹੋ ਕੇ, ਜੀਵ ਆਪਣੇ ਅੰਦਰਲੇ 'ਪੰਜ ਚੋਰਾਂ' ਦੇ ਅਧੀਨ, ਆਪਣੇ ਹੀ ਭਾਣੇ ਵਿਚ ਪਿਆ ਵਿਚਰਦਾ ਹੈ। ਇਹ 'ਪੰਚ-ਤੱਤ'— ਆਪੋ ਆਪਣੀਆਂ 'ਤੂਤੀਆਂ' ਵਜਾਉਂਦੇ ਹਨ—ਜਿਸ ਕਾਰਨ ਜੀਵ ਦੇ ਹਿਰਦੇ ਵਿਚ, ਅਨੇਕਾਂ ਤਰ੍ਹਾਂ ਅਤੇ ਭਾਂਤ-ਭਾਂਤ ਦੇ 'ਰਾਮ-ਰੌਲੇ' ਤੇ 'ਸ਼ੋਰ-ਸ਼ਰਾਬਾ' ਮਚਿਆ ਰਹਿੰਦਾ ਹੈ। ਇਸੇ ਕਾਰਨ 'ਮਨ' 'ਟਿਕ' ਨਹੀਂ ਸਕਦਾ ਅਤੇ ਨਾ ਹੀ ਇਕਾਗਰ ਹੁੰਦਾ ਹੈ।

ਇਸ ਤਰ੍ਹਾਂ ਸਾਡੇ ਹਿਰਦੇ ਵਿਚ 'ਪੰਜ-ਤੱਤਾਂ' ਨੇ ਖੂਬ 'ਭੜਥੂ' ਮਚਾਇਆ ਹੋਇਆ ਹੈ—ਜਿਸ ਨਾਲ ਜੀਵ ਘਾਬਰ ਕੇ ਬੌਂਦਲ ਜਾਂਦਾ ਹੈ, ਅਤੇ ਉਸ ਦੀ 'ਕਿਛੁ ਨ ਬੁਝੈ ਕਿਛੁ ਨ ਸੁਝੈ' ਬੇਵਸੀ ਵਾਲੀ ਹਾਲਤ ਬਣੀ ਰਹਿੰਦੀ ਹੈ ਜਿਸ ਨਾਲ ਉਸ ਦੇ ਮਨ ਦਾ 'ਤਨਾਉ' ਕਸਿਆ ਰਹਿੰਦਾ ਹੈ। ਇਸ 'ਮਾਨਸਿਕ-ਤਨਾਉ' (Mental tension) ਨਾਲ ਹੀ ਦਿਲ ਦਾ ਦੌਰਾ (Heart trouble) ਅਤੇ ਹੋਰ ਅਨੇਕਾਂ ਦਿਮਾਗੀ ਬੀਮਾਰੀਆਂ (Nervous and mental diseases) ਵਧ ਰਹੀਆਂ ਹਨ।

ਸਾਡੀ ਇਸ ਤਰ੍ਹਾਂ ਦੀ ਮਾਇਕੀ ਅਧੋਗਤੀ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਹੈ :—

"ਏਕੁ ਸੁਆਨੁ ਦੁਇ ਸੁਆਨੀ ਨਾਲਿ ॥
ਭਲਕੇ ਭਉਕਹਿ ਸਦਾ ਬਇਆਲਿ ॥" (ਪੰਨਾ—24)

"ਮਾਇਆਧਾਰੀ ਅਤਿ ਅੰਨਾ ਬੋਲਾ ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥" (ਪੰਨਾ—313)

"ਅੰਤਰਿ ਚਿੰਤਾ ਨੈਣੀ ਸੁਖੀ, ਮੂਲਿ ਨ ਉਤਰੈ ਭੁਖ ॥
ਨਾਨਕ ਸਚੇ ਨਾਮੁ ਬਿਨੁ, ਕਿਸੈ ਨ ਲਥੋ ਦੁਖੁ ॥" (ਪੰਨਾ—319)

"ਮਨਮੁਖਿ ਭਰਮੈ ਸਹਸਾ ਹੋਵੈ ॥
ਅੰਤਰਿ ਚਿੰਤਾ ਨੀਦ ਨ ਸੋਵੈ ॥" (ਪੰਨਾ—646)

ਆਤਮ ਪ੍ਰਕਾਸ਼ ਦੇ 'ਇਲਾਹੀ ਧਰਮੁ', ਅਥਵਾ 'ਨਾਮੁ' ਤੋਂ 'ਬੇਮੁਖ' ਅਤੇ 'ਬੇਸੁਰਾ' ਹੋ ਕੇ, 'ਜੀਵ', ਅਤਿ 'ਅੰਨ੍ਹਾ-ਬੋਲਾ' ਹੋ ਜਾਂਦਾ ਹੈ, ਅਤੇ ਆਤਮਿਕ



passes through various so called outward 'religions', indulging in actions according to his self-will and suffering the consequences.

Man subordinate to his internal 'five thieves' (lust, anger, greed, attachment, egotism), becoming indifferent and out of tune with his center- 'the 'divine illumination' or 'Shabad', 'Naam', 'command' – lives according to his own self-will. These 'five elements' continue to blow their own 'trumpets' as a result of which many and varied types of 'disturbances' and 'turmoils' erupt in our minds. For this reason the 'mind' cannot be 'still' nor can it focus.

In this way these 'five-elements' have caused serious confusion in our mind with which man getting agitated becomes non-pulsed and his uncontrolled condition becomes that of 'not knowing and not seeing anything' and his 'tension' of the mind becomes worse. It is with this mental tension that heart trouble and various other nervous and mental diseases are on the increase.

This materialistic decline of ours has been described in Gurbani thus:-

1 *The dogs of greed are with me.*
*In the early morning, they continually bark at the wind.* 24

2 *One who is attached to Maya is totally blind and deaf.*
*He does not listen to the Word of the Shabad; he makes a great uproar and tumult.* 313

3 *He harbors anxiety within himself, but to the eyes, he appears to be happy; his hunger never departs.*
*O Nanak, without the True Name, no one's sorrows have ever departed.* 319

4 *The self-willed manmukh remains deluded by his doubts.*
*He is filled with anxiety, and he cannot even sleep.* 646

Man, becoming defiant and out of tune with the 'Divine' Religion' of spiritual illumination or Naam, becomes 'blind-deaf' and

'ਜੀਵਨ-ਸੇਧ' ਤੋਂ ਬਗੈਰ, ਸਾਰੀ ਉਮਰ ਆਪਣੇ ਹਿਰਦੇ ਅੰਦਰ, ਮਾਇਕੀ 'ਬਹੁ-ਰੋਲ-ਘਚੋਲਾ' ਦਾ ਭੜਥੂ ਮਚਾਈ ਰਖਦਾ ਹੈ, ਅਤੇ ਦੁਖੀ ਹੁੰਦਾ ਰਹਿੰਦਾ ਹੈ।

"ਪਲਚਿ ਪਲਚਿ ਸਗਲੀ ਮੂਈ, ਝੂਠੈ ਧੰਧੈ ਮੋਹੁ ॥" (ਪੰਨਾ—134)

ਸਾਡਾ ਅਮਲੀ 'ਨਿਜੀ ਧਰਮ' ਓਹੀ ਹੁੰਦਾ ਹੈ, ਜੋ ਸਾਡੇ ਹਰ ਇਕ :—

ਨਿਸਚੇ
ਸੋਚਨੀ
ਖ਼ਿਆਲਾਂ
ਭਾਵਨਾਵਾਂ
ਹਰਕਤਾਂ
ਬੋਲ-ਚਾਲ
ਬਿਉਹਾਰ
ਕਰਨੀ
ਰਹਿਣੀ
ਬਹਿਣੀ
ਸਹਿਣੀ
ਕਹਿਣੀ

ਵਿਚ

ਸੁਤੇ-ਸਿਧ
ਅਣਜਾਣੇ
ਅਚੇਤ
ਆਪ-ਮੁਹਾਰੇ
ਬਦੋ-ਬਦੀ

ਬਾਹਰ ਵਲ ਪ੍ਰਗਟ ਹੁੰਦਾ ਹੈ,

ਨਾਕਿ—ਉਹ 'ਧਰਮ', ਜੋ ਅਸੀਂ ਓਪਰੇ ਮਨ ਨਾਲ, ਬਾਹਰੋਂ

ਧਾਰਿਆ
ਅਪਨਾਇਆ
ਮੰਨਿਆ ਹੋਇਆ ਹੈ!

'ਅਮਲੀ' ਅਤੇ 'ਓਪਰੇ' ਧਰਮ ਦੀ ਵਿਚਾਰ ਨੂੰ ਸਪਸ਼ਟ ਕਰਨ ਲਈ ਹੇਠਲੀ ਮਿਸਾਲ ਦਿਤੀ ਜਾਂਦੀ ਹੈ :—



without spiritual 'life-guidance', there is the 'big turmoil of materialistic foul up' erupting in his mind throughout his life, and he continues to suffer.

*Entangled and enmeshed in the love of false occupations, the whole world is perishing.* *134*

Our practical 'personal religion' is one in which our

faith
thinking
thoughts
desires
conduct
conversation
behaviour
actions
manners
company
enduring
utterances

automatically
unknowingly
unconsciously
spontaneously
forcefully

manifest outwardly,

and not that which we have

adopted
espoused
acknowledged

with out superficial mind.

To clarify 'practical' and 'spiritual' religion an example is given below:-

ਨਿੱਕੇ ਬੱਚੇ ਨੂੰ 'ਮਾਂ' ਪਾਲਦੀ ਪੋਸਦੀ ਹੈ ਅਤੇ 'ਨਰਸ' (Nurse) ਭੀ ਬੱਚੇ ਦੀ ਦੇਖ-ਭਾਲ ਕਰਦੀ ਹੈ ।

ਇਹਨਾਂ ਦੋਹਾਂ ਦੇ ਹਿਰਦਿਆਂ ਅੰਦਰ, ਬੱਚੇ ਦੀ 'ਸੇਵਾ-ਭਾਵਨੀ' ਵਿਚ, ਅਤਿਅੰਤ ਫ਼ਰਕ (Difference) ਹੈ ।

'ਮਾਂ' ਆਪਣੇ ਬੱਚੇ ਲਈ ਅਤਿਅੰਤ ਡੂੰਘੇ 'ਮਾਂ-ਪਿਆਰ' ਦੀ 'ਮਮਤਾ' ਵਿਚ ਪਿਘਲ ਕੇ ਸੇਵ਼ਾ ਕਰਦੀ ਹੈ, ਅਤੇ ਕਦੇ 'ਅਕਦੀ', 'ਥਕਦੀ' ਨਹੀਂ, ਨਾ ਹੀ ਕਦੇ ਸ਼ਿਕਾਇਤ ਕਰਦੀ ਹੈ ।

ਇਹ 'ਮਮਤਾ'—'ਮਾਂ' ਦੇ ਹਿਰਦੇ ਦੀਆਂ ਡੂੰਘਿਆਈਆਂ ਵਿਚ ਸਹਜ-ਸੁਭਾਇ, ਆਪ ਮੁਹਾਰੇ ਉਪਜਦੀ ਹੈ—ਜਿਸ ਨਾਲ ਉਹ ਬੱਚੇ ਲਈ ਹਰ ਤਰ੍ਹਾਂ ਦੀ, ਖਿੜੇ ਮੱਥੇ ਅਤੇ ਚਾਉ ਵਿਚ ਕੁਰਬਾਨੀ ਕਰਦੀ ਹੈ, ਅਤੇ ਆਪਣੇ ਪਿਆਰੇ ਬੱਚੇ ਨੂੰ ਸ਼ੁਭ ਇਛਾਵਾਂ ਅਤੇ ਪਿਆਰ-ਅਸੀਸਾਂ ਨਾਲ ਨਿਵਾਜਦੀ ਹੈ, ਅਤੇ ਉਸਦੇ ਉਤੋਂ ਵਾਰਨੇ ਅਤੇ ਬਲਿਹਾਰਨੇ ਜਾਂਦੀ ਹੈ ।

ਇਹ 'ਮਾਂ-ਪਿਆਰ', 'ਮਾਂ' ਨੇ, ਕਿਤੋਂ ਪੜ੍ਹਿਆ ਯਾ ਸਿਖਿਆ ਨਹੀਂ ਹੁੰਦਾ । ਇਹ ਤਾਂ ਅਕਾਲ-ਪੁਰਖ ਦਾ ਆਪਣੇ 'ਬੱਚੇ-ਰੂਪੀ' 'ਅੰਸ' ਲਈ, ਅਥਾਹ ਅਤੇ ਅਮੁਕ 'ਇਲਾਹੀ ਪਿਆਰ' ਦਾ ਪ੍ਰਵੇਸ਼ ਅਤੇ ਪ੍ਰਤੀਕ ਹੈ ! ਜੋ 'ਮਾਂ' ਦੇ ਹਿਰਦੇ 'ਰਾਹੀਂ'—ਪ੍ਰਵਿਰਤ ਹੋ ਕੇ—ਬੱਚੇ ਦੀ ਪਾਲਨ-ਪੋਸਨ ਕਰਦਾ ਹੈ ।

"ਮਾਤ ਗਰਭ ਤੁਮਹੀ ਪ੍ਰਤਿਪਾਲਕ, ਮ੍ਰਿਤ ਮੰਡਲ ਇਕ ਤੁਹੀ ॥"
(ਪੰਨਾ—1215)

"ਹਰਿ ਜੀ ਮਾਤਾ, ਹਰਿ ਜੀ ਪਿਤਾ, ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ, ਹਮ ਹਰਿ ਕੇ ਬਾਲਕ ॥
ਸਹਜੇ ਸਹਜਿ ਖਿਲਾਇਦਾ, ਨਹੀ ਕਰਦਾ ਆਲਕ ॥"
(ਪੰਨਾ—1101-2)

"ਰਮਈਆ ਕੇ ਗੁਨ ਚੇਤਿ ਪਰਾਨੀ ॥
ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥
ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥
ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥" (ਪੰਨਾ—266)

"ਪਰੰ ਪਰਮ ਪਰਮੇਸੁਰੰ ਪ੍ਰੋਛਪਾਲੰ ॥" (ਜਾਪੁ ਪਾ: ੧੦)

ਦੂਜੇ ਪਾਸੇ, ਨਰਸ (Nurse) ਕਿਤੋਂ ਪੜ੍ਹ ਕੇ, ਸਿੱਖ ਕੇ, ਬੱਚੇ ਦੀ ਨੀਯਤ



A busy mother brings up her baby and a nurse also looks after it.

There is a great difference in the minds and heart (of these two people who are) serving the child.

The mother, melting in the 'affection' of the extremely deep 'motherly-love' serves her child and never gets 'bored' or 'tired', neither does she complain.

This 'affection' sprouts automatically, spontaneously in the depths of the mother's mind – it is with this (affection) that she happily and eagerly makes many kinds of sacrifices for her child and cherishes her child with 'good wishes' and love-blessings, and is ever expressing devotion and sacrificing herself.

The mother did not read or learn about 'mother-love' from anyone. It is the diffusion and symbol of fathomless and limitless 'Divine love' of the Timeless Being for His child-like 'off-springs', passing through the mother's bosom, that is responsible for the child's up bringing.

1 *In the mother's womb, You sustained me, and in this mortal world, You alone help me.* 1215

2 *The Dear Lord is my mother, the Dear Lord is my father; the Dear Lord cherishes and nurtures me.*
*The Dear Lord takes care of me; I am the child of the Lord.*
*Slowly and steadily, He feeds me; He never fails.* 1101/2

3 *Think of the Glory of the All-pervading Lord, O mortal;*
*what is your origin, and what is your appearance?*
*He who fashioned, adorned and decorated you*
*- in the fire of the womb, He preserved you.*
*In your infancy, He gave you milk to drink.* 266

4 *Perfect, Supreme Lord-unseen Nourisher of al.* / P10 Jaap 60

On the other hand, the nurse having read or learnt )about child care)

ਸਮੇਂ ਤੇ ਹੀ **ਸੇਵਾ ਕਰਦੀ ਹੈ।** ਜਿਸ ਲਈ ਉਸ ਨੂੰ **ਤਨਖਾਹ ਮਿਲਦੀ ਹੈ। ਡਿਊਟੀ** (Duty) **ਤੋਂ ਬਾਦ ਉਹ ਬੱਚੇ ਨੂੰ ਬਿਲਕੁਲ ਭੁੱਲ ਜਾਂਦੀ ਹੈ।**

ਇਸ ਤਰ੍ਹਾਂ :—

**'ਮਾਂ'—ਦੀ** ਸੇਵਾ ਦੇ ਪਿਛੋਕੜ **ਵਿਚ,** ਇਲਾਹੀ **ਪਿਆਰ-ਭਾਵਨੀ ਅਤੇ ਲਾਡ-ਮਲਹਾਰ ਹੈ।** ਪਰ

**'ਨਰਸ'** ਦੀ ਸੇਵਾ ਦੇ ਪਿਛੋਕੜ **ਵਿਚ ਸੁਆਰਥ ਹੈ,** ਅਤੇ **ਭਾਵਨਾ-ਹੀਣ ਫਰਜ਼** (Duty) **ਹੈ।**

**'ਮਾਂ',** ਖਿਨ-ਖਿਨ, ਦਿਨ-ਰਾਤ, ਸਾਰੀ ਉਮਰ, **ਚਾਈਂ-ਚਾਈਂ, ਲਾਡ-ਲਡਾਉਂਦੀ ਹੋਈ,** ਪਿਆਰ ਅਸੀਸਾਂ ਨਾਲ ਬੱਚੇ ਨੂੰ ਪਾਲਦੀ-ਪੋਸਦੀ ਹੈ—

**'ਨਰਸ'**—ਸੀਮਤ ਅਰਸੇ ਤਾਈਂ **ਸੁਆਰਥ ਲਈ, ਓਪਰੇ ਦਿਲ ਨਾਲ 'ਡੰਗ' ਟਪਾਉਂਦੀ ਹੈ,** ਅਤੇ 'ਫ਼ਰਜ਼' (Duty) **ਪੂਰਾ ਕਰਦੀ ਹੈ।**

'ਮਾਂ' **ਦੀ ਸੇਵਾ-ਭਾਵਨਾ – ਅੰਦਰੋਂ ਉਪਜੀ ਹੈ।**

'ਨਰਸ' **ਦਾ ਫ਼ਰਜ਼— ਸਿਖਿਆ ਸਿਖਾਇਆ ਹੈ।**

ਇਸ ਤਰ੍ਹਾਂ—ਇਕ ਦਾ ਕੰਮ **'ਨਿਰ-ਸੁਆਰਥ'** ਹੈ, **'ਪ੍ਰੇਮ-ਭਾਵਨਾ' ਅਧੀਨ ਹੈ,**

ਦੂਜੇ ਦਾ **ਸੁਆਰਥ ਪੂਰਤੀ ਲਈ ਹੈ।**

"ਜੋ ਜੈਸੀ ਸੰਗਤਿ ਮਿਲੈ, ਸੋ ਤੈਸੋ ਫਲੁ ਖਾਇ ॥" (ਪੰਨਾ— 1369)

ਦੇ ਗੁਰਵਾਕ ਅਨੁਸਾਰ, 'ਜੀਵ', ਬੇਅੰਤ ਜਨਮਾਂ ਤੋਂ ਅਗਿਆਨਤਾ ਦੇ ਭਰਮ-ਭੁਲਾਵੇ ਵਿਚ, ਤ੍ਰੈਗੁਣੀ 'ਮਾਦੀ' ਮਾਇਆ ਵਿਚ ਪਰਵਿਰਤ ਹੁੰਦਾ ਆਇਆ ਹੈ ਅਤੇ ਇਸ **'ਮਾਦੀ' ਮਾਇਆ** (Materialism) **ਦੀ 'ਸੰਗਤ' ਅਤੇ 'ਸਿਮਰਨ' ਕਰਦਾ** ਹੋਇਆ—**ਆਪ ਹੀ ਇਸ ਝੂਠੀ ਮਾਦੀ 'ਮਾਇਆ' ਦਾ 'ਸਰੂਪ' ਬਣ ਚੁਕਿਆ** ਹੈ। ਇਸ ਤਰ੍ਹਾਂ ਸਾਡੇ ਮਨ, ਬੁੱਧੀ, ਚਿਤ, ਅੰਤਿਸ਼ਕਰਨ ਨੂੰ **'ਮਾਇਆ' ਦੀ** 'ਰੰਗਣ' **ਯਾ 'ਪਿਉਂਦ' ਚੜ੍ਹੀ ਹੋਈ ਹੈ।**

ਗੁਰਬਾਣੀ ਵਿਚ ਦਰਸਾਏ ਹੋਏ **ਅੰਤ੍ਰੀਵ 'ਆਤਮਿਕ ਧਰਮੁ',** ਅਥਵਾ **'ਸਬਦੁ', 'ਨਾਮੁ', 'ਹੁਕਮੁ' ਦਾ ਸੰਪੂਰਨ ਅਨੁਭਵੀ ਗਿਆਨ ਨਾ 'ਬੁੱਝਣ' ਕਰਕੇ,** ਸਾਡੇ ਅਪਨਾਏ ਹੋਏ ਬਾਹਰਮੁਖੀ 'ਧਰਮ' **ਸਰੀਰਕ ਅਤੇ ਮਾਨਸਿਕ 'ਪੱਧਰ' ਤਾਈਂ ਮਹਿਦੂਦ ਜਾਂ ਸੀਮਤ ਹਨ,** ਅਤੇ ਇਹਨਾਂ 'ਧਰਮਾਂ' ਨੂੰ ਭੀ ਸਾਡੀ **ਹਉਮੈ-ਵੇੜ੍ਹੀ**



serves the child only at prescribed times for which she gets paid a salary. After duty she completely forgets the child.

In this way:-

In the background of mother's service there is Divine Love Orientation and endearment (affection). But

in the background of the nurse's service, there is self-interest and is just a duty without inspiritation.

The mother brings up the child with love blessings eagerly, affectionately, every moment, day and night, all her life.

The nurse, discharges her duty out of self interest, passing her time (tending to the child) for a limited duration with superficial heart.

The mother's service-orientation (dedication)-sprouts from within (her being)

The nurse's duty (is one that) has been learnt and taught.

Thus while one's duty is self-less' and is subject to 'love-orientation', the other is carrying out her duty for the fulfillment of self interest.

according to the above statement of Gurbani, man over many previous lives, passing through the doubt-fallacy of ignorance, tri-attributive 'worldly' materialism and having the 'company' and remembrance' of this worldly materialism, has himself become an 'embodiment' of this false worldly 'materialism'. In this way our mind, intellect, mental faculties, subconsciousness have been grafted with the 'colouring' of materialism.

For not discovering the complete intuitional knowledge of the innate 'spiritual religion', or 'Shabad', 'Naam', 'Hukum' mentioned in Gurbani, our acquired external 'religions' are restricted or limited up to our physical and mental 'level and these religions are

**ਰੰਗਣ ਚੜ੍ਹ ਗਈ ਹੈ**-- ਜਿਸ ਦੀ ਵਜਾਹ ਨਾਲ ਸਾਡੇ ਧਾਰਮਿਕ

ਖ਼ਿਆਲਾਂ
ਚਿਤਵਨੀਆਂ
ਵਲਵਲੇ
ਨਿਸਚਿਆਂ
ਸ਼ਰਧਾ-ਭਾਵਨੀ
ਕਰਮ-ਕਿਰਿਆ
ਪਾਠ-ਪੂਜਾ
ਜਪ-ਤਪ
ਜੋਗ-ਸਾਧਨਾ

ਆਦਿ, **ਅਨੇਕ 'ਕਰਮ-ਕਾਂਡ' ਭੀ**

ਸਥੂਲ
ਠੁਲੇ
ਫੋਕੇ
ਮਾਦੀ
ਬੱਧਾ-ਕਟੀ
ਦਿਖਾਵਾ
ਰਸਮੀ-ਰਟਨ
ਭਾਵਨਾ-ਹੀਨ
ਰਸ-ਹੀਨ

**'ਮੁਰਦਾ-ਸਾਧਨ' ਹੀ ਬਣ ਚੁੱਕੇ ਹਨ।**

"ਬਧਾ ਚਟੀ ਜੋ ਭਰੇ, ਨਾ ਗੁਣੁ ਨਾ ਉਪਕਾਰੁ ॥" **(ਪੰਨਾ—787)**

"ਮਨ ਹਠਿ ਜੋ ਕਮਾਵੈ, ਤਿਲੁ ਨ ਲੇਖੈ ਪਾਵੈ, ਬਗੁਲ ਜਿਉ ਧਿਆਨੁ ਲਾਵੈ,
ਮਾਇਆ ਰੇ ਧਾਰੀ ॥" **(ਪੰਨਾ—687)**

"**ਨਾਮ ਬਿਨਾ ਫੋਕਟ ਸਭਿ ਕਰਮਾ**, ਜਿਉ ਬਾਜੀਗਰੁ ਭਰਮਿ ਭੁਲੈ ॥" (ਪੰਨਾ—1343)

"ਜਿਨ ਆਤਮ ਤਤੁ ਨ ਚੀਨਿਆ ॥ **ਸਭ ਫੋਕਟ ਧਰਮ ਅਬੀਨਿਆ ॥**" (ਪੰਨਾ—1351)

ਇਸ ਤੋਂ ਇਲਾਵਾ, ਅਸੀਂ **ਅਖੌਤੀ ਧਰਮੀ-ਲੋਕ**, ਆਪਣੇ ਆਪ ਨੂੰ, **ਹੋਰਨਾਂ**



also smeared by ego-ridden colouring as a result of which our religious

thoughts
thinking
emotions
faiths
faith-filled disposition
rites and rituals
worship
meditation-penance
ascetic-disciplines

etc. (and) numerous 'rituals' too have become

unwieldy
voluminous
hollow
worldly
a compulsion
a show
customary routine
purposeless-less
insipid

'life-less means'.

1 *Paying a fine under pressure, does not bring either merit or goodness.* 787

2 *One who acts through stubbornness is of no account at all; like a crane, he pretends to meditate, but he is still stuck in Maya.*
*687*

3 *Without the Naam, the Name of the Lord, all their actions are useless, like the magician who deceives through illusions.* 1343

4 *Whoever does not realize the essence of the soul*
*- all his religious actions are hollow and false.* 1351

Besides this, we, the so called religious people regard ourselves

ਨਾਲੋਂ—ਉਚੇਰੇ, ਚੰਗੇਰੇ, ਭਲੇ-ਭਲੇਰੇ ਅਤੇ ਪਾਰਗਰਾਮੀ ਸਮਝਣ ਲਗ ਪੈਂਦੇ ਹਾਂ ਅਤੇ ਦੂਜਿਆਂ ਨੂੰ ਨੀਵੀਂ ਨਿਗਾਹ ਅਤੇ ਘਿਰਨਾ ਨਾਲ ਦੇਖਦੇ ਹਾਂ ! ਇਸ ਤਰ੍ਹਾਂ ਅਸੀਂ ਆਪਣੀ 'ਹਉਮੈ' ਨੂੰ 'ਧਾਰਮਿਕ-ਪੱਠੇ' ਪਾ ਪਾ ਕੇ, ਹੋਰ ਭੀ ਮੋਟੀ, 'ਸਬੱਲ' ਅਤੇ ਡੂੰਘੀ ਬਣਾਈ ਜਾਂਦੇ ਹਾਂ ।

'ਇਕ ਕਰੇਲਾ, ਦੂਜਾ ਨਿੰਮ ਚੜ੍ਹਿਆ' ਦੀ ਅਖਾਣ ਅਨੁਸਾਰ, ਸਾਡੇ ਅਪਨਾਏ ਹੋਏ ਅਖੌਤੀ 'ਧਰਮ', ਸਾਡੀ 'ਹਉਮੈ' ਦੇ ਦੀਰਘ ਰੋਗ ਨੂੰ ਘਟਾਉਣ ਦੀ ਬਜਾਏ, ਹੋਰ ਵਧਾਈ ਅਤੇ ਪ੍ਰਬਲ ਕਰੀ ਜਾਂਦੇ ਹਨ, ਅਤੇ ਅਸੀਂ ਆਪਣੀ ਅਸਲੀ 'ਆਤਮਿਕ ਸੇਧ' ਤੋਂ ਹੋਰ ਦੁਰੇਡੇ ਜਾ ਰਹੇ ਹਾਂ ।

"ਹਉਮੈ ਨਾਵੈ ਨਾਲਿ ਵਿਰੋਧੁ ਹੈ,
ਦੁਇ ਨ ਵਸਹਿ ਇਕ ਠਾਇ ॥" (ਪੰਨਾ—560)
"ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥"
(ਪੰਨਾ—278)

ਇਹ ਤਰ੍ਹਾਂ ਇਹ ਰਸਮੀ, ਫੋਕੇ, ਕਰਮ-ਕਾਂਡੀ ਅਖੌਤੀ 'ਧਰਮ' ਭੀ 'ਮਾਇਆ-ਸਰੂਪ' ਹੀ ਬਣ ਜਾਂਦੇ ਹਨ, ਜਿਸ ਦੀ 'ਸੰਗਤ' ਅਤੇ 'ਰੰਗਤ' ਨਾਲ ਸਾਡਾ ਮਨ, ਬੁੱਧੀ, ਚਿਤ, ਅੰਤਿਸ਼ਕਰਨ ਭੀ ਮਲੀਨ, ਕਠੋਰ, ਢੀਠ, ਫੋਕਾ, ਭਾਵਨਾ-ਹੀਣ, ਰਸ-ਹੀਣ ਬਣ ਜਾਂਦਾ ਹੈ ।

ਇਨ੍ਹਾਂ ਭਾਵਨਾ-ਹੀਣ, ਰਸਮੀ, ਫੋਕੇ, ਮੁਰਦਾ-ਸਾਧਨਾਂ ਦੇ ਲਗਾਤਾਰ ਅਭਿਆਸ ਕਰਦਿਆਂ ਹੋਇਆਂ, ਸਾਡਾ ਮਨ ਹੋਰ ਭੀ ਮੈਲਾ, ਮਾਦੀ, ਕਠੋਰ ਅਤੇ ਢੀਠ ਬਣੀ ਜਾਂਦਾ ਹੈ, ਜਿਸ ਦੀ ਵਜਾਹ ਨਾਲ ਸਾਡਾ ਮਨ :—

ਉਚੇਰੇ
ਸੁਚੇਰੇ
ਚੰਗੇਰੇ
ਸਚੇ
ਦੈਵੀ
ਸੂਖਮ
ਕੋਮਲ
ਆਤਮਿਕ ਵਲਵਲੇ
ਆਤਮਿਕ ਉਡਾਰੀਆਂ
ਪਿਆਰ–ਭਾਵਨਾ



higher, better, nobler and perfect saints as compared to others. We look down upon others and see them with contempt! In this way we are feeding our 'egotism' with 'religious-fodder' and making it fat, powerful and deep (seated).

According to the saying, 'one bitter gourd, the other climbed the margosa tree', our acquired so called 'religions' instead of decreasing the chronic disease of 'egotism', they increase and make it stronger and we continue to drift away from our real 'spiritual goal.'

1 *Ego is opposed to the Name of the Lord; the two do not dwell in the same place.* *560*

2 *If someone does millions of good deeds, while acting in ego, he shall incur only trouble; all this is in vain.* *278*

Thus these customary, hollow, ritualistic so called 'religions' too become a form of materialism in the company and 'colouring' of which our mind, intellect, inclination, subconsciousness become dirty, heartless, audacious, hollow, faith-less and insipid.

Continuous practice of these faith-less, customary, hollow, lifeless means, make our mind even more dirty, materialistic, heartless and audacious as a result of which the

lofty
pure
noble
divine
subtle
tender

spiritual emotions
spiritual flights
love-orientation

L54/12

ਪ੍ਰੇਮ-ਸਵੈਪਨਾ
ਪਿਰਮ-ਰਸ
ਆਤਮਿਕ-ਅਨੰਦ
ਆਤਮਿਕ-ਚਾਉ
ਆਤਮਿਕ-ਖੁਮਾਰੀ
ਆਤਮਿਕ-ਬਿਸਮਾਦ

ਨੂੰ

ਸਮਝਨ
ਬੂਝਣ
ਚੀਨਣ
ਸੀਝਨ
ਅਨੁਭਵ ਕਰਨ, ਅਤੇ
ਮਾਣਨ

ਤੋਂ ਅਸਮਰਥ ਹੁੰਦਾ ਜਾਂਦਾ ਹੈ ।

ਆਮ ਜਗਿਆਸੂਆਂ ਦੀ ਇਹ ਸ਼ਿਕਾਇਤ ਹੁੰਦੀ ਹੈ, ਕਿ ਬਾਣੀ ਦਾ ਪਾਠ ਯਾ ਨਿਤ ਨੇਮ ਕਰਦਿਆਂ, ਸਿਮਰਨ ਕਰਦਿਆਂ, **ਮਨ ਨਹੀਂ ਜੁੜਦਾ** ਅਤੇ **ਆਤਮਿਕ 'ਰਸ' ਨਹੀਂ ਆਉਂਦਾ ।** ਇਸ ਦਾ ਸਪਸ਼ਟ ਕਾਰਨ ਇਹ ਹੈ ਕਿ ਸਾਡਾ ਮਨ, **ਮਾਇਆ ਅਤੇ ਫੋਕੇ, ਰਸਮੀ,** ਭਾਵਨਾ-ਹੀਨ **ਧਾਰਮਿਕ ਸਾਧਨਾਂ ਦੇ ਲਗਾਤਾਰ ਅਭਿਆਸ ਅਤੇ** 'ਹੰਕਾਰ' ਨਾਲ, ਇਤਨਾ 'ਮਾਦੀ', 'ਫੋਕਾ', 'ਕਠੋਰ', 'ਰਸ-ਹੀਣ' ਹੋ **ਚੁਕਿਆ** ਹੈ, ਕਿ ਗੁਰਬਾਣੀ ਦੇ **ਅੰਤ੍ਰੀਵ ਗੁਝੇ, ਅਨੁਭਵੀ ਗਿਆਨ ਅਤੇ ਕੋਮਲ ਆਤਮਿਕ ਭਾਵਨਾਵਾਂ ਅਤੇ ਪ੍ਰੇਮ ਸਵੈਪਨਾ ਦੀਆਂ ਅਕਾਸ਼ੀ ਉਡਾਰੀਆਂ ਨੂੰ ਅਨੁਭਵ ਨਹੀਂ ਕਰ ਸਕਦਾ ।**

ਇਹੀ ਕਾਰਨ ਹੈ ਕਿ **ਬੇਅੰਤ ਧਾਰਮਿਕ ਕਰਮ-ਕਿਰਿਆ ਅਤੇ ਫੋਕੇ ਸਾਧਨਾਂ ਕਰਦਿਆਂ ਹੋਇਆਂ ਭੀ, ਇਨਸਾਨ :—**

ਚੰਗੇਰਾ
ਉਚੇਰਾ
ਸੁਹਣੇਰਾ
ਦੈਵੀ

ਬਣ ਕੇ, ਆਤਮਿਕ ਤਰੱਕੀ ਕਰਨ ਦੀ ਬਜਾਏ, ਧਰਮ ਦੀ ਆੜ ਵਿਚ—



love of the Self within
taste of love
spiritual bliss
spiritual eagerness
spiritual intoxication
spiritual ecstasy

(that which is experiencable), our mind is incapable of

understanding
discovering
recognizing
researching
experiencing and
enjoying.

There is a complaint from most of the truth-seekers that while reading Bani (religious scriptures) or doing daily prayers or meditating, their mind is unable to concentrate and they don't get (to experience the) spiritual taste. A clear reason for this that our mind has become so materialistic, hollow, heartless, tasteless and egoistic with the continuous practice of materialistic and hollow, customary, faith-less religious means that it (the mind) is unable to experience the heavenly flights of Gurbani's innate, hidden intuitional knowledge and tender spiritual feelings and the love of one's own inner being.

This is the reason that man indulging in numerous religious rites and rituals and hollow means and becoming

better
higher
handsome
virtuous,

instead of making spiritual progress he, under the shelter of religion

L54/13

ਨੀਵੀਆਂ ਮਾਇਕੀ ਰੁਚੀਆਂ :—

ਈਰਖਾ
ਦਵੈਤ
ਨਫ਼ਰਤ
ਵੈਰ-ਵਿਰੋਧ
ਵਾਦ-ਵਿਵਾਦ
ਵਿਕਾਰ
ਤਅੱਸੁਬ
ਲੜਾਈਆਂ
ਝਗੜੇ
ਜ਼ੁਲਮ

ਵਿਚ ਹੀ ਗਲਤਾਨ ਹੋ ਰਿਹਾ ਹੈ !!

ਇਸ ਤਰ੍ਹਾਂ ਭਾਵਨਾ-ਹੀਣ, ਰਸਮੀ, ਫੋਕੀ, ਕਰਮ-ਕਿਰਿਆ, ਸਾਡੇ 'ਆਤਮਿਕ ਪੰਧ' ਵਿਚ, ਸਹਾਇਕ ਅਤੇ ਕਲਿਆਨ ਕਾਰੀ ਹੋਣ ਦੀ ਬਜਾਏ, ਸਾਨੂੰ ਅੰਤ੍ਰੀਵ 'ਆਤਮਿਕ ਧਰਮੁ' ਅਥਵਾ 'ਸਬਦੁ', 'ਨਾਮੁ', 'ਹੁਕਮੁ' ਆਦਿ ਦੀਆਂ ਦਾਤਾਂ ਤੋਂ ਵਾਂਝਿਆ ਰਖਦੇ ਹਨ, ਅਤੇ ਸਾਡੇ ਸਹੀ 'ਆਤਮਿਕ ਪੰਧ' ਵਿਚ 'ਰੁਕਾਵਟ' ਦਾ ਕਾਰਨ ਬਣਦੇ ਹਨ !

"ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥"
(ਪੰਨਾ—1343)

"ਬਿਨੁ ਗੁਰ ਸਬਦ ਨ ਛੂਟਸਿ ਕੋਇ ॥ ਪਾਖੰਡਿ ਕੀਨੈ ਮੁਕਤਿ ਨ ਹੋਇ॥"
(ਪੰਨਾ— 835)

"ਜੇ ਜਾਣਸਿ ਬ੍ਰਹਮੰ ਕਰਮੰ ॥ ਸਭ ਫੋਕਟ ਨਿਸਚਉ ਕਰਮੰ ॥"
(ਪੰਨਾ—470)

'ਜਿਨ ਆਤਮ ਤਤੁ ਨ ਚੀਨਿਆ ॥ ਸਭ ਫੋਕਟ ਧਰਮ ਅਬੀਨਿਆ॥'
(ਪੰਨਾ—1351)

"ਪਾਠ ਪੜਿਓ ਅਰੁ ਬੇਦੁ ਬੀਚਾਰਿਓ, ਨਿਵਲਿ ਭੁਅੰਗਮ ਸਾਧੇ ॥
ਪੰਜ ਜਨਾ ਸਿਉ ਸੰਗੁ ਨ ਛੁਟਕਿਓ, ਅਧਿਕ ਅਹੰਬੁਧਿ ਬਾਧੇ ॥"
(ਪੰਨਾ—641)



is absorbed in low materialistic inclinations such as:-

jealousy
duality
hatred
enmity – opposition
arguments
immoral deeds
fanaticism
quarrels
oppression.

In this way, the purposeless, customary, hollow, rites-rituals, instead of becoming helpful and blissful in our 'spiritual path' deprive us from the gifts of the internal 'spiritual religion' or 'Shabad', 'Naam', Hukam etc. and become 'obstacles' in our real 'spiritual path'.

1 *Enshrine the True One in your heart; this is the most excellent action.*
*All other hypocritical actions and devotions bring only ruin.* 1343

2 *Without the Word of the Guru's Shabad, no one finds release.*
*Practicing hypocrisy, no one finds liberation.* 839

3 *If you knew the nature of God,*
*you would know that all of these beliefs and rituals are in vain.* 470

4 *Whoever does not realize the essence of the soul*
*- all his religious actions are hollow and false.* 1351

5 *They read scriptures, and contemplate the Vedas; they practice the inner cleansing techniques of Yoga, and control of the breath.*
*But they cannot escape from the company of the five passions; they are increasingly bound to egotism.* 641

"ਹਉ ਹਉ ਕਰਤੇ ਕਰਮ ਰਤ, ਤਾ ਕੋ ਭਾਰ ਅਫਾਰ ॥
ਪ੍ਰੀਤ ਨਹੀ ਜਉ ਨਾਮ ਸਿਉ, ਤਉ ਏਊ ਕਰਮ ਬਿਕਾਰ ॥"

(ਪੰਨਾ—252)

ਇਹਨਾਂ ਬਾਹਰਮੁਖੀ 'ਧਰਮਾਂ' ਦੇ ਭਾਵਨਾ ਹੀਣ—ਫੋਕੇ ਸਾਧਨਾਂ ਦੇ **ਰਸਮੀ 'ਰਟਨ' ਵਿਚ ਹੀ ਅਸੀਂ ਸੰਤੁਸ਼ਟ ਹਾਂ**, ਅਤੇ ਇਸੇ ਵਿਚ ਆਪਣੀ **ਧਾਰਮਿਕ-ਪ੍ਰਾਪਤੀ ਸਮਝ ਕੇ ਆਫਰੇ ਫਿਰਦੇ ਹਾਂ** !

ਪਰ ਗੁਰਬਾਣੀ ਵਿਚ ਦਰਸਾਏ :—

**ਗੁਝੇ**
**ਗੂੜ੍ਹ**
**ਅੰਤ੍ਰੀਵ**
**ਅਨੁਭਵੀ**
**ਸੂਖਮ**
ਕੋਮਲ

**ਆਤਮਿਕ ਬਖਸ਼ਿਸ਼ਾਂ ਅਤੇ 'ਆਤਮ-ਕਲਾ' ਤੋਂ ਅਸੀਂ ਉਕਾ ਹੀ**

**ਅਨਜਾਣ**
**ਅਗਿਆਨੀ**
**ਬੇਖਬਰ**
**ਬੇਪ੍ਰਵਾਹ**
**ਅਵੇਸਲੇ**
**ਬੇ-ਲੋੜੇ**

ਯਾ **ਜਾਣ-ਬੁਝ ਕੇ 'ਮਚਲੇ' ਹੋਏ ਫਿਰਦੇ ਹਾਂ** !

84—ਲੱਖ ਜੂਨਾਂ ਵਿਚ ਵਿਚਰਦਿਆਂ ਹੋਇਆਂ—**ਬੜੇ ਭਾਗਾਂ ਨਾਲ ਜੀਵ ਨੂੰ 'ਮਨੁਖਾ ਦੇਹੀ' ਮਿਲਦੀ ਹੈ**—ਤਾਕਿ ਉਹ 'ਆਪਣੇ-ਸੋਮੇ' ਅਤੇ 'ਦਾਤੇ' **ਪਰਮਾਤਮਾ ਨੂੰ ਮੁੜ ਮਿਲ ਸਕੇ** :—

"ਕਬੀਰ ਮਾਨਸ ਜਨਮੁ ਦੁਲੰਭੁ ਹੈ, ਹੋਇ ਨ ਬਾਰੈਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ, ਬਹੁਰਿ ਨ ਲਾਗਹਿ ਡਾਰ ॥"

(ਪੰਨ—1366)

"ਜਨਮ ਜਨਮ ਭਰਮਤ ਫਿਰਿਓ, ਮਿਟਿਓ ਨ ਜਮ ਕੋ ਤ੍ਰਾਸ ॥
ਕਹੁ ਨਾਨਕ ਹਰਿ ਭਜੁ ਮਨਾ, ਨਿਰਭੈ ਪਾਵਹਿ ਬਾਸੁ ॥" (ਪੰਨਾ—1247)



1 *Acting in egotism, selfishness and conceit, the lovers of rituals carry the unbearable load.*
*When there is no love for the Naam, then these rituals are corrupt.* 252

We are satisfied with the customary routines of the purposeless, hollow means of these external 'religions' and regarding this as our religious achievement, we go about bloated (boastfully).

But about the

hidden
profound
innate
intuitional
subtle
tender

spiritual gifts and 'spiritual power' mentioned in Gurbani,

we are totally

unacquainted
ignorant
uninformed
careless
indifferent
not in need

or are knowingly 'pretending' to be so.

Man, after passing through 8.4 million lives, gets the human body with great good fortune so that he can once again meet 'his-Source' and 'Giver' the Lord God:-

*2Kabeer, it is so difficult to obtain this human body; it does not just come over and over again.*
*It is like the ripe fruit on the tree; when it falls to the ground, it cannot be re-attached to the branch.* 1366

*Mortals wander lost and confused through countless lifetimes; their fear of death is never removed.*
*Says Nanak, vibrate and meditate on the Lord, and you shall dwell in the Fearless Lord.* 1427

"ਇਹ ਮਾਨਸ ਜਨਮ ਅਮੋਲ ਹੈ, ਮਿਲਨੇ ਕੀ ਵੇਲਾ ॥"

(ਵਾ: ਭਾ: ਗੁ: 41/11)

"ਲਖ ਚਉਰਾਸੀਹ ਭ੍ਰਮਤੇ ਭ੍ਰਮਤੇ, ਦੁਲਭ ਜਨਮੁ ਅਬ ਪਾਇਓ ॥
ਰਤਨ ਜਵੇਹਰ ਬਨਜਨਿ ਅਇਓ, ਕਾਲਰੁ ਲਾਦਿ ਚਲਾਇਓ ॥"

(ਪੰਨਾ—1017)

ਪਰ ਅਸੀਂ ਮਾਇਆ ਦੇ ਭਰਮ-ਭੁਲਾਵੇ ਵਿਚ ਆਪਣੇ ਅਮੋਲਕ ਮਨੁਖਾ ਜਨਮ ਨੂੰ :—

1. ਮਾਇਆ ਦੇ ਅੰਧ-ਗੁਬਾਰ ਵਿਚ, ਅਤੇ
2. ਫੋਕੇ, ਰਸ-ਹੀਣ, ਧਾਰਮਿਕ ਕਰਮ-ਕਿਰਿਆ ਅਤੇ ਰਸਮੀ ਸਾਧਨਾ ਦੀ 'ਰਟ' (Routine) ਵਿਚ ਹੀ ਅਜਾਈਂ ਗਵਾ ਰਹੇ ਹਾਂ।

ਸਾਡੀ ਇਸ ਹਾਲਤ ਦੀ ਬਾਬਤ, ਗੁਰਬਾਣੀ ਸਾਨੂੰ ਇਉਂ ਤਾੜਨਾ ਕਰਦੀ ਹੈ :—

"ਮਾਨਸ ਜਨਮ ਦੀਓ ਜਿਹ ਠਾਕੁਰਿ, ਸੋ ਤੈ ਕਿਉ ਬਿਸਾਰਿਓ ॥
ਮੁਕਤੁ ਹੋਤ ਨਰ ਜਾਕੈ ਸਿਮਰੈ, ਨਿਮਖ ਨ ਤਾ ਕਉ ਗਾਇਓ ॥"

(ਪੰਨਾ—902)

"ਕਹਾ ਨਰ ਅਪਨੋ ਜਨਮੁ ਗਵਾਵੈ ॥
ਮਾਇਆ ਮਦਿ ਬਿਖਿਆ ਰਸਿ ਰਚਿਓ, ਰਾਮ ਸਰਨਿ ਨਹੀ ਆਵੈ॥"

(ਪੰਨਾ—1231)

"ਕਹਤ ਕਬੀਰੁ ਰਾਮ ਭਜੁ ਬਉਰੇ, ਜਨਮੁ ਅਕਾਰਥ ਜਾਤ ॥"

(ਪੰਨਾ—1252)

"ਪ੍ਰਾਣੀ ਗੁਰਮੁਖਿ ਨਾਮੁ ਧਿਆਇ ॥
ਜਨਮੁ ਪਦਾਰਥੁ ਦੁਬਿਧਾ ਖੋਇਆ, ਕਉਡੀ ਬਦਲੈ ਜਾਇ ॥"

(ਪੰਨਾ—1261)

"ਬੀਤ ਜੈ ਹੈ ਬੀਤ ਜੈ ਹੈ, ਜਨਮੁ ਅਕਾਜ ਰੇ ॥
ਨਿਸ ਦਿਨ ਸੁਨ ਕੈ ਪੁਰਾਨ, ਸਮਝਤ ਨਹ ਰੇ ਅਜਾਨ ॥
ਕਾਲ ਤਉ ਪਹੂਚਿਓ ਆਨਿ, ਕਹਾ ਜੈ ਹੈ ਭਾਜਿ ਰੇ ॥ (ਪੰਨਾ—1353)

ਪਰਮਾਰਥ ਦੇ ਰਸਤੇ ਵਿਚ, ਦਿਮਾਗੀ ਧਾਰਮਿਕ ਗਿਆਨ ਵੀ ਬੜਾ ਸੂਖਮ ਤੇ ਪੱਕਾ 'ਸੰਗਲ' ਹੈ, ਤੇ ਇਸ ਬਾਰੇ ਗਿਆਨੀਆਂ ਤੇ ਵਿਦਵਾਨਾਂ ਨੂੰ ਖੁਦ ਸੋਝੀ ਨਹੀਂ ਹੈ। ਗਿਆਨ ਦੇ ਸੂਖਮ ਸੰਗਲਾਂ ਤੋਂ ਮੁਕਤ ਹੋਣਾ ਭੀ ਅਤੀ ਕਠਿਨ ਹੈ ਕਿਉਂਕਿ



1 *This human birth is priceless (because) this is the time when meeting (with Waheguru) can take place.* *Bh G 41/11*

2 *Wandering and roaming through 8.4 million incarnations, you have now been given this human life, so difficult to obtain.......*
*You have come to trade in gems and jewels, but you have loaded only barren soil.* *1017*

(Caught up) in the doubt-fallacy of materialism, we are wasting our invaluable human birth

1. In the pitch darkness of materialism and
2. In the hollow, insipid religious rites – rituals and routine customary practices

Regarding this condition of ours, Gurbani warns us thus:-

3 *Why have you forgotten your Lord and Master, who blessed you with this human life?*
*Remembering Him in meditation, one is liberated. And yet, you do not sing His Praises, even for an instant.* *902*

2 *O mortal, why have you wasted your life?*
*Intoxicated with Maya and its riches, involved in corrupt pleasures, you have not sought the Sanctuary of the Lord.* *1231*

4 *Says Kabeer, meditate and vibrate on the Lord, O madman. Your life is uselessly wasting away.* *1252*

5 *O mortal, as Gurmukh, meditate on the Naam, the Name of the Lord.*
*In duality, you are ruining and wasting this priceless human life. You trade it away in exchange for a shell.* *1261*

6 *Slipping away - your life is uselessly slipping away.*
*Night and day, you listen to the Puraanas, but you do not understand them, you ignorant fool!*
*Death has arrived; now where will you run?* *1353*

Intellectual religious knowledge is indeed a very subtle and solid 'chain' in the religious path, and the learned and scholars are themselves not aware of it. It is extremely difficult to be free from the subtle chains of knowledge because

ਇਨ੍ਹਾਂ ਨੂੰ ਆਪਣੇ ਗਿਆਨ ਦੀ ਪੂਰਨਤਾ ਤੇ ਨਿਪੁੰਨਤਾ ਦੀ ਮੋਟੀ ਪਾਣ (Galvanization) ਚੜ੍ਹੀ ਹੁੰਦੀ ਹੈ। ਇਸ ਲਈ ਉਹ ਉਚੇਰੇ ਆਤਮਿਕ ਝਲਕਾਰੇ, ਲਿਸ਼ਕਾਂ, ਰਸ-ਰੰਗ, ਸੂਖਮ ਪ੍ਰੇਮ ਦੇ ਵਲਵਲਿਆਂ ਤੋਂ ਵਾਂਝੇ ਰਹਿ ਜਾਂਦੇ ਹਨ। ਲੋਕਾਂ ਦੀ ਤਾਂ ਤੀਖਣ ਬੁੱਧੀ ਦੇ ਜ਼ਰੀਏ ਮਾਨਸਿਕ ਤਸੱਲੀ ਹੋ ਜਾਂਦੀ ਹੈ, ਪਰ ਸਿਵਾਏ ਆਪਣੀ ਹਉਮੈ ਨੂੰ ਪੱਠੇ ਪਾਉਣ ਦੇ, ਉਹ ਸੂਖਮ ਆਤਮਿਕ ਵਲਵਲਿਆਂ, ਝਲਕਾਰਿਆਂ, ਤੇ ਇਲਾਹੀ ਦੇਸ਼ ਦੀਆਂ ਉਡਾਰੀਆਂ ਤੋਂ ਬਿਲਕੁਲ ਕੋਰੇ ਰਹਿੰਦੇ ਹਨ। ਇਸ ਦਾ ਕਾਰਨ ਇਹ ਹੈ, ਕਿ ਇਹ ਤਿਖੀ ਬੁੱਧੀ ਵਾਲੇ ਵਿਦਵਾਨ ਹਰ ਇਕ ਗੱਲ ਨੂੰ ਆਪਣੀ ਤੀਖਣ ਬੁੱਧੀ ਨਾਲ ਹੀ ਪਰਖਦੇ, ਤੋਲਦੇ ਤੇ ਨਤੀਜਾ ਕੱਢਦੇ ਹਨ। ਅਸੀਂ ਬੁੱਧੀ ਮੰਡਲ ਵਾਲੇ 'ਕੀ', 'ਕਿਉਂ' ਤੇ 'ਕਿਵੇਂ' (What, why and how) ਦੀ ਖੋਜ ਵਿਚ, ਅਜਾਈਂ ਵਕਤ ਤੇ ਸ਼ਕਤੀ ਖਰਚ ਕਰ ਰਹੇ ਹਾਂ।

ਇਲਾਹੀ—'ਝਲਕ', ਲਿਸ਼ਕਾਂ, ਰਸ-ਰੰਗ, ਪ੍ਰੇਮ-ਸ੍ਵੈਪਨਾ, ਵਿਸਮਾਦ ਅਵਸਥਾ, ਤ੍ਰੈਗੁਣਾਂ ਤੋਂ ਉਪਰ 'ਚੌਥੇ ਪਦ' ਦੇ ਅਨੁਭਵੀ ਵਿਸ਼ੇ ਹਨ। ਸਾਡੀ ਦਿਮਾਗੀ (Intellectual) ਸੋਝੀ—ਤ੍ਰੈਗੁਣਾਂ ਵਿਚ ਹੀ ਵਿਚਰ ਸਕਦੀ ਹੈ, ਤੇ 'ਚੌਥੇ ਪਦ' ਦੀ 'ਵਿਸਮਾਦੀ ਖੇਡ' ਨੂੰ ਨਹੀਂ ਪਕੜ ਸਕਦੀ, ਜਿਸ ਨੂੰ ਅਸੀਂ ਆਪਣੀ ਅਲਪ ਬੁੱਧੀ ਨਾਲ ਚੀਰ ਫਾੜ (Analysis) ਕਰਕੇ ਸਮਝਣ, ਬੁੱਝਣ, ਵਿਚਾਰਣ ਦੀ ਕੋਸ਼ਿਸ਼ ਕਰਦੇ ਹਾਂ।

ਇਸੇ ਤਰ੍ਹਾਂ 'ਰਾਗ' ਦੀਆਂ ਸੂਖਮ ਤਰੰਗਾਂ, ਸਿਰਫ਼ 'ਰਾਗੀ' ਹੀ ਅਨੁਭਵ ਕਰਕੇ ਮਾਣ ਸਕਦੇ ਹਨ, ਆਮ ਨਾਵਾਕਫ਼ ਜਨਤਾ ਲਈ ਤਾਂ ਉਹ 'ਟੂੰ-ਟਾਂ' ਹੀ ਹੈ!

"ਗਿਆਨ ਧਿਆਨ ਸਭੁ ਕੋਈ ਰਵੈ ॥
ਬਾਂਧਨਿ ਬਾਧਿਆ ਸਭੁ ਜਗੁ ਭਵੈ ॥" (ਪੰਨਾ—728)

"ਸਾਹਿਬੁ ਅਤੁਲੁ ਨ ਤੋਲੀਐ, ਕਥਨਿ ਨ ਪਾਇਆ ਜਾਇ ॥...
ਕਥਨੈ ਕਹਣਿ ਨ ਛੁਟੀਐ, ਨਾ ਪੜਿ ਪੁਸਤਕ ਭਾਰ ॥" (ਪੰਨਾ—59)

"ਕਹਨ ਕਹਾਵਨ ਇਹੁ ਕੀਰਤਿ ਕਰਲਾ ॥
ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥" (ਪੰਨਾ—51)

"ਕਬੀਰ ਮੈ ਜਾਨਿਉ ਪੜਿਬੋ ਭਲੋ,
ਪੜਿਬੇ ਸਿਉ ਭਲ ਜੋਗੁ ॥" (ਪੰਨਾ—1366)

ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਦਿਮਾਗੀ ਗਿਆਨ ਅਥਵਾ ਵਿਦਿਆ ਨਹੀਂ ਪ੍ਰਾਪਤ ਕਰਨੀ ਜਾਂ ਵਿਗਿਆਨਕ ਖੋਜ ਨਹੀਂ ਕਰਨੀ!



they (the scholars), are thickly galvanized with the perfectness and expertise of knowledge. Therefore, they remain deprived of the high spiritual flashes, glitters, taste-colour and subtle emotions of love. Through their sharp intellect, they are able to convince people, but except for feeding their ego, they remain completely deprived of subtle spiritual emotions, flashes and the flights of Divine Kingdom. This is so because these intellectual scholars test, weigh and get the result of everything with their sharp intellect. We of the intellectual sphere are wasting our time and energy in the research of 'what ', 'why', and 'how'.

Divine 'glimmer', 'flashes', taste-colour, love of one's own being, ecstatic state- are above the (worldly state of) 'trigun' and are the intuitional topics of the 'fourth stage'. Our intellectual awareness is capable only in 'trigun' (the worldly state) and is unable to catch the 'ecstatic play' of the 'fourth stage', which we analyse with our low intellect and try to understand, discover and discuss.

The subtle impulses of melody (music) can only be experienced and enjoyed by a 'musician', for, the common uninformed man, it is just an elementary or haphazard sound of musical instruments.

1 *Everyone speaks of wisdom and meditation;*
*but bound in bondage, the whole world is wandering around in confusion.* 728

2 *Our Lord and Master is Unweighable; He cannot be weighed. He cannot be found merely by talking.....*
*No one is saved by mere talk and speech, nor by reading loads of books.* 59

3 *People talk on and on about Him; they consider this to be praise of God.*
*But rare indeed is the Gurmukh, who is above this mere talk.* 51

4 *Kabeer, at first, I thought learning was good; then I thought Yoga was better.* 1366

This does not mean that we should not acquire intellectual knowledge and education or that we should not indulge in scientific research.

ਅਸੀਂ ਮਾਇਆ ਵਿਚ ਵਿਚਰਦੇ ਹਾਂ, ਅਤੇ ਦਿਮਾਗੀ ਗਿਆਨ ਅਤੇ ਵਿਗਿਆਨ, ਸਾਡੇ ਜੀਵਨ ਦੇ ਅੰਗ ਹਨ—ਪਰ ਇਸ **ਦਿਮਾਗੀ ਗਿਆਨ ਨੂੰ ਹੀ ਅੰਤਿਮ 'ਮੰਜ਼ਿਲ' ਨਹੀਂ ਸਮਝਣਾ ਚਾਹੀਦਾ**, ਬਲਕਿ ਸਾਡੀ ਦਿਮਾਗੀ ਵਿਦਿਆ ਤਦੇ ਹੀ **ਸਫ਼ਲ** ਹੋ ਸਕਦੀ ਹੈ—ਜੇਕਰ ਇਸ ਕਾਇਨਾਤ ਦੇ ਪਿਛੇ ਲੁਕੇ ਹੋਏ **ਪਰਮਾਤਮਾ ਦਾ ਅਧਿਆਤਮਕ ਗਿਆਨ ਯਾ 'ਸੋਝੀ' ਭੀ ਪ੍ਰਾਪਤ ਹੋਵੇ ।**

**ਕਾਇਨਾਤ ਦੇ ਜ਼ਰ੍ਰੇ-ਜ਼ਰ੍ਰੇ ਪਿਛੇ 'ਰੱਬ' ਲੁਕਿਆ ਹੋਇਆ ਹੈ, ਅਤੇ ਕੁਦਰਤ ਦੇ ਹਰ ਪੱਖ ਵਿਚ ਆਪਣਾ 'ਜਲਵਾ' ਦਿਖਾ ਰਿਹਾ ਹੈ ।**

"ਜੇਤਾ ਕੀਤਾ ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥" (ਪੰਨਾ—4)

"ਦੂਜੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ ॥"
(ਪੰਨਾ—463)

"ਬਲਿਹਾਰੀ ਕੁਦਰਤਿ ਵਸਿਆ ॥" (ਪੰਨਾ–469)

ਇਕ-ਇਕ ਜ਼ਰ੍ਰੇ ਦੇ ਅੰਤ੍ਰ-ਆਤਮੇ **'ਰੱਬੀ ਹੁਕਮ' ਦੀ 'ਰਵਾਨਗੀ'** ਹੀ, ਇਹਨਾਂ ਦਾ 'ਨਾਲ-ਲਿਖਿਆ' **'ਆਤਮਿਕ ਧਰਮੁ' ਹੈ**—ਜੋ ਉਹ ਅਨਜਾਣੇ ਅਤੇ **ਸਹਿਜ ਸੁਭਾਏ ਹੀ ਕਮਾ ਰਹੇ ਹਨ ।** ਇਸ ਤਰ੍ਹਾਂ ਕਾਇਨਾਤ ਦਾ ਹਰ ਇਕ

ਪੱਤਾ
ਫਲ
ਫੁੱਲ
ਪੱਥਰ
ਹਵਾ
ਪਾਣੀ

ਆਦਿ—ਦਾ **ਹਰ ਜੁਜ਼**—ਉਸ **ਗੁਪਤੀ 'ਆਤਮਿਕ ਧਰਮੁ'** ਦਾ **'ਧਾਰਮਿਕ ਗ੍ਰੰਥ'** ਹੈ, ਜਿਸ ਵਿਚ **ਮੁਕੰਮਲ 'ਆਤਮਿਕ ਧਰਮੁ' ਦਾ ਤੱਤ-ਗਿਆਨ ਭਰਿਆ ਹੋਇਆ ਹੈ ।** ਪਰ **ਇਨਸਾਨ ਦੀ ਸੀਮਤ ਬੁੱਧੀ ਇਨ੍ਹਾਂ ਗੁਪਤ—ਆਤਮਿਕ ਗ੍ਰੰਥਾਂ' ਨੂੰ ਪੜ੍ਹਨ, ਬੁੱਝਣ ਤੋਂ ਅਸਮਰਥ ਹੈ,** ਕਿਉਂਕਿ **ਸਾਡੀ ਬੁੱਧੀ ਬਾਹਰਮੁਖੀ ਮਾਇਕੀ ਵਿਦਿਆ ਯਾ ਵਿਗਿਆਨਕ 'ਖੋਜ' ਵਿਚ ਹੀ ਸੰਤੁਸ਼ਟ ਤੇ ਮਸਤ ਹੈ ।**

ਅਸਲ ਵਿਚ ਅਸੀਂ **ਕਾਇਨਾਤ ਦੇ 'ਛਿਲੜਾਂ' ਦੇ ਗਿਆਨ ਤੇ ਖੋਜ ਵਿਚ ਹੀ ਸੰਤੁਸ਼ਟ ਤੇ ਮਸਤ** ਹੋ ਗਏ ਹਾਂ—**ਇਹਨਾਂ 'ਛਿਲੜਾਂ'** ਦੇ **ਅੰਦਰਲੇ ਗੁਝੇ**—



We pass through materialism, and intellectual knowledge and science are part and parcel of our lives – but this intellectual knowledge alone should not be regarded as the final 'destination'; rather our intellectual education can only be successful if we acquire spiritual knowledge or awareness of the Supreme Lord that is hidden behind this universe.

'God' is hidden behind every atom of this universe and is showing His 'splendour' in every aspect of nature.

1 *The created universe is the manifestation of Your Name.*
*Without Your Name, there is no place at all.* 4

2 *Secondly, He fashioned the creation; seated within the creation, He beholds it with delight.* 463

3 *I am a sacrifice to Your almighty creative power which is pervading everywhere.* 469

In the innermost consciousness of every atom the 'flow' of 'Divine Command' is indeed their 'inlaid' spiritual religion – which it is earning unknowingly and automatically.. In this way every ingredient of every

leaf
fruit
flower
stone
air
water etc.

of the universe – is the 'Holy Book' of that hidden 'Spiritual religion'. But the limited intellect of man is incapable of reading, discovering – these hidden – 'spiritual Book' because our intellect is satisfied and intoxicated with the outward materialistic education or scientific research.

In actual fact, we have become contented and intoxicated with the knowledge and research of the husk or skin of this universe – we remain uninformed and deprived of the internal hidden 'essence' within these

'ਨਿਚੋੜ' ਤੋਂ ਬੇਖਬਰ ਅਤੇ ਵਾਂਝੇ ਜਾ ਰਹੇ ਹਾਂ। ਇਸ ਉਪਰਲੀ 'ਵਿਚਾਰ ਨੂੰ ਗੁਰਬਾਣੀ ਇਉਂ ਸਪਸ਼ਟ ਕਰਦੀ ਹੈ :—

"ਅਕਲਿ ਏਹ ਨ ਆਖੀਐ, ਅਕਲਿ ਗਵਾਈਐ ਬਾਦਿ ॥
ਅਕਲੀ ਸਾਹਿਬੁ ਸੇਵੀਐ, ਅਕਲੀ ਪਾਈਐ ਮਾਨੁ ॥
ਅਕਲੀ ਪੜਿ ਕੈ ਬੁਝੀਐ, ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ, ਹੋਰਿ ਗਲਾਂ ਸੈਤਾਨੁ ॥" (ਪੰਨਾ—1245)
"ਗੁਰਪਰਸਾਦੀ ਵਿਦਿਆ ਵੀਚਾਰੈ, ਪੜਿ ਪੜਿ ਪਾਵੈ ਮਾਨੁ ॥
ਆਪਾ ਮਧੇ ਆਪੁ ਪਰਗਾਸਿਆ, ਪਾਇਆ ਅੰਮ੍ਰਿਤੁ ਨਾਮੁ ॥"
(ਪੰਨਾ—1329)

ਉਪਰਲੀਆਂ ਪੰਗਤੀਆਂ ਵਿਚ ਦਰਸਾਇਆ ਗਿਆ ਹੈ ਕਿ 'ਅਕਲ' ਦੁਆਰਾ ਅਸੀਂ ਵਾਦ-ਵਿਵਾਦ ਵਿਚ ਜੀਵਨ ਅਜਾਈਂ ਨਹੀਂ ਗਵਾਉਣਾ, ਬਲਕਿ ਆਪਣੇ ਸਾਹਿਬ 'ਪ੍ਰਮਾਤਮਾ' ਦੀ ਸੇਵਾ ਅਥਵਾ 'ਸਿਮਰਨ' ਕਰਨਾ ਹੈ। ਸਿਮਰਨ ਕਰਕੇ ਪ੍ਰਮਾਤਮਾ ਨੂੰ ਬੁੱਝਣਾ ਹੈ, ਅਤੇ ਦਰਗਾਹ ਵਿਚ ਮਾਣ ਪ੍ਰਾਪਤ ਕਰਨਾ ਹੈ। ਇਸ ਤਰ੍ਹਾਂ ਪਰਾਪਤ ਕੀਤੇ ਹੋਏ 'ਆਤਮਿਕ ਧਰਮੁ' ਦੇ ਤੱਤ-ਗਿਆਨ ਦਾ 'ਦਾਨ' ਅਤੇ ਪ੍ਰਚਾਰ ਕਰਨਾ ਹੈ। ਇਸ ਅਸਲੀ ਆਤਮਿਕ 'ਰਾਹ' ਅਥਵਾ 'ਧਰਮੁ' ਤੋਂ ਇਲਾਵਾ ਹੋਰ ਸਾਰੀਆਂ ਸਿਆਣਪਾਂ, ਚਤੁਰਾਈਆਂ, ਯਾ ਗਿਆਨ, 'ਸ਼ੈਤਾਨ' ਤੇ ਹਾਨੀਕਾਰਕ (Satanic and harmful) ਹੀ ਸਾਬਤ ਹੁੰਦੀਆਂ ਹਨ।

ਅਧਿਆਤਮਿਕ 'ਤੱਤ-ਗਿਆਨ' ਤੋਂ ਬਗੈਰ, ਸਾਡਾ ਅਧੂਰਾ ਦਿਮਾਗੀ ਗਿਆਨ ਯਾ ਖੋਜ, ਫਲ ਬਗੈਰ ਬੂਟੇ ਦੀ ਨਿਆਈ ਹੀ ਹੈ।

ਇਹ ਸਾਡੀ ਸਾਰੀ ਦਿਮਾਗੀ ਵਿਦਿਆ ਤੇ ਵਿਗਿਆਨਕ ਖੋਜ ਸਾਨੂੰ ਮਾਇਆ ਦੇ ਤ੍ਰੈਗੁਣਾਂ ਵਿਚ ਹੀ 'ਕੈਦ' ਰਖਦੀ ਹੈ—ਇਸ ਤੋਂ ਬਾਹਰ ਜਾਣ ਲਈ ਅਧਿਆਤਮਿਕ ਵਿਦਿਆ ਦਾ ਅਨੁਭਵ ਹੋਣਾ ਲਾਜ਼ਮੀ ਹੈ।

ਤ੍ਰੈਗੁਣੀ ਮਾਇਕੀ ਮੰਡਲ ਵਿਚ ਹਰ ਇਕ ਗਲ ਅਤੇ ਸ਼ੈ ਦੀ ਜੋੜੀ (Pair) ਹੈ। ਇਸ ਲਈ ਜਿਥੇ ਦਿਮਾਗੀ ਵਿਦਿਆ ਤੇ ਵਿਗਿਆਨ ਸਾਨੂੰ ਮਾਇਕੀ ਸੁਖ ਪ੍ਰਦਾਨ ਕਰਦਾ ਹੈ, ਉਸ ਦੇ ਨਾਲ-ਨਾਲ ਇਹੋ ਵਿਦਿਆ ਅਤੇ ਵਿਗਿਆਨ ਦੀ ਗ਼ਲਤ ਵਰਤੋਂ ਦੁਆਰਾ ਦੁਨੀਆਂ ਦੁਖੀ ਅਤੇ ਭੈ-ਭੀਤ ਹੋ ਰਹੀ ਹੈ। ਮਿਸਾਲ ਵਜੋਂ, ਸਾਰੇ ਦੇਸ਼ਾਂ ਦੀ ਵਿਗੜੀ ਰਾਜਨੀਤਿਕ ਦਸ਼ਾ ਅਤੇ ਪ੍ਰਮਾਣੂ-ਬੰਬਾਂ ਦੀ ਭਰਮਾਰ ਕਾਰਨ, ਸਾਰੀ ਖ਼ਲਕਤ ਨੂੰ ਤੀਸਰਾ ਵਿਸ਼ਵ ਯੁਧ (Third world war) ਬਹੁਤ ਨਜ਼ਦੀਕ ਮਹਿਸਸ ਹੋ ਰਿਹਾ ਹੈ, ਅਤੇ ਮਾਨਸਿਕ ਸਹਿਮ ਛਾਇਆ ਹੋਇਆ ਹੈ।



husks or skin. Gurbani explains the above discussion thus:-

1 *Wisdom which leads to arguments is not called wisdom.*
*Wisdom leads us to serve our Lord and Master; through wisdom, honor is obtained.*
*Wisdom does not come by reading textbooks; wisdom inspires us to give in charity.*
*Says Nanak, this is the Path; other things lead to Satan.* 1245

2 *Within the self, the self is revealed, when one is blessed with the Ambrosial Naam, the Name of the Lord.* 1329

In the above lines it has been mentioned that we are not to simply waste our lives in arguments using our wisdom, but to serve our Master, the Supreme Lord or meditate upon Him. Meditating is discovering God and obtaining honour in His Court. Having acquired the essence knowledge of 'Spiritual Religion' in this way, we are to dispense and propagate it. Besides this real 'spiritual path' or 'Religion', all other cleverness, cunningness or knowledge prove to be satanic and harmful.

Without the religious 'knowledge of reality', our incomplete intellectual knowledge or research is indeed like the plant without fruit.

This intellectual education and scientific research keep us in the 'prison' of the trigun of materialism – to come out of this it is essential to have the experience of spiritual education.

In the trigun materialistic sphere, everything occurs in pairs. For this reason while intellectual education and science provides us with materialistic comforts, on the other hand through the wrong use of education and science, the world is suffering and terror-stricken. As an example – the degrading political condition of all the countries and the super-abundance of atomic bombs have made all the people feel that the third world war is very close, and there is mental fear looming.

ਨਿਰੀ-ਪੁਰੀ ਦਿਮਾਗੀ ਵਿਦਿਆ ਨਾਲ ਜੇਕਰ ਇਨਸਾਨ ਉੱਚਾ, ਸੁੱਚਾ, ਦੈਵੀ ਬਣ ਸਕਦਾ ਹੁੰਦਾ, ਤਾਂ ਹੁਣ ਤਾਂਈ ਸਾਰੀ ਦੁਨੀਆਂ ਵਿਚ ਦੇਵਤਿਆਂ ਦੀ ਹੀ ਵਸੋਂ ਹੁੰਦੀ !

ਪਰ ਅਫ਼ਸੋਸ ਇਹ ਹੈ ਕਿ, ਬਾਵਜੂਦ ਇਤਨੀ ਦਿਮਾਗੀ ਵਿਦਿਆ ਅਤੇ ਵਿਗਿਆਨਕ ਖੋਜ ਦੇ—ਸਾਡੀ ਸਮੁਚੀ ਸਭਿਅਤਾ, ਪੁਰਾਣੇ ਜ਼ਮਾਨੇ ਨਾਲੋਂ ਭੀ, ਨਿਘਰਦੀ ਹੋਈ, ਇਨਸਾਨੀਅਤ ਤੋਂ ਭੀ ਬਹੁਤ ਗਿਰ ਚੁਕੀ ਹੈ, ਅਤੇ ਜੀਵਨ, ਗਿਲਾਨੀ ਦੇ ਵਹਿਣ ਵਿਚ ਬੇ-ਤਹਾਸ਼ਾ ਰੁੜ੍ਹੀ ਜਾ ਰਿਹਾ ਹੈ ।

ਇਸ ਦਾ ਇਕੋ-ਇਕ ਇਲਾਜ ਇਹ ਹੈ—ਕਿ ਮਾਇਕੀ ਵਿਦਿਆ ਅਤੇ ਵਿਗਿਆਨਕ ਖੋਜ ਨੂੰ 'ਆਤਮਿਕ ਸੇਧ' ਦਿੱਤੀ ਜਾਵੇ—ਤਾਂਕਿ ਅਸੀਂ ਆਪਣੇ ਮਾਇਕੀ ਜੀਵਨ ਨੂੰ ਭੀ ਸੁਖਦਾਈ ਅਤੇ ਸਫ਼ਲ ਕਰ ਸਕੀਏ, ਅਤੇ ਨਾਲ-ਨਾਲ ਅਧਿਆਤਮਕ ਖੋਜ ਦੁਆਰਾ, ਆਤਮਿਕ ਮੰਜ਼ਿਲ ਨੂੰ ਪ੍ਰਾਪਤ ਕਰ ਸਕੀਏ, ਅਥਵਾ 'ਲੋਕ ਸੁਖੀ ਅਤੇ ਪ੍ਰਲੋਕ ਸੁਹੇਲਾ' ਕਰ ਸਕੀਏ ।

Our intellectual knowledge can *take us*—at best, *to the outer courtyard of Divinc Realm* and *no further.*

Only Intuitional Divine knowledge can introduce us into Divinity.

Divine Intelligence is complete, perfect, all-engulfing, sublime Light and knowledge—from which our *little brains derive light and knowledge.*

This Divine Knowledge—being the mother of all intelligence—is the only knowledge worth *learning and acquiring;* all other knowledge and attainments are *mere reflections of this Divine Intelligence.*

The tremendous mental and scientific developments manifesting in the universe—is not the *product of human intelligence alone.* In fact these developments are the *indirect reflection of Inner Spiritual Light and Knowledge.*

All worldly religious knowledge is the *means to,* and *not the fulfilment of the soul.*

This *inner experience* of Divine Intelligence can only be



I man could become elevated, pure, virtuous with mere intellectual education, then by now this world would have been inhabited only by angels and virtuous people.

But it is regrettable that despite so much education and scientific research – our entire civilisation, when compared to previous ages has been declining (to such an extent) that it has degraded beyond (the level of) humanitarianism and the flow of this decline is proceeding recklessly and speedily.

There is one and only one cure for this – and that is, materialistic education and scientific research should be given 'spiritual direction' – so that we can make our materialistic life comfortable and successful and at the same time through spiritual research, attain our spiritual goal. Thus we can be happy and comfortable in 'this world and the next (as well)'.

Our intellectual knowledge can *take us* - at best, *to the outer courtyard of Divine Realm* and *no further* .

Only Intuitional Divine knowledge can introduce us into Divinity.

Divine Intelligence is complete, perfect, all-engulfing, sublime Light and knowledge-from which our *little brains derive light and knowledge.*

This Divine Knowledge-being the mother of all intelligence-is the only knowledge worth *learning and acquiring;* all other knowledge and attainments are *mere reflections of this Divine Intelligence.*

The tremendous mental and scientific developments manifesting in the universe-is not the *product of human intelligence alone.* In fact these developments are the *indirect reflection of Inner Spiritual Light and knowledge.*

All worldly religious knowledge is the *means to,* and *not the fulfillment of the soul.*

This *inner experience* of Divine Intelligence can only be

perceived or realised by the *'insight' of the Soul—called 'Intuition'*—in the sublime company of Awakened Illuminated and Blessed Soul.

Every leaf, stone, flower—in fact every particle of the Cosmos—is an *open illustrated religious scripture—containing hidden sermons of Divine Light and Knowledge,* but the limited human intelligence—*engrossed and galvanized with materialistic knowledge—is incapable to comprehend and realise the Secret and Sacred Divine Knowledge—hidden deep inside these natural 'Scriptures of Divinity' !*

It is a pity that, with all the intellectual knowledge, scientific achievements, boastful modern civilization, and *surfeit of religions and religious knowledge—humanity has not improved morally, religiously or spiritually.* In fact, humanity has *'degenerated' in all aspects of life,* and *is suffering from Moral crises !*

It is quite obvious that humanity is unconsciously *heading towards the abyss of misery, self-destruction and hell !*

ਜੇ ਕੋਈ ਜਗਿਆਸੂ 'ਮਾਇਕੀ' 'ਮੋਹ-ਮਾਇਆ' ਨੂੰ ਤਿਆਗ ਵੀ ਦੇਵੇ, ਤਾਂ ਉਹ **ਅਧਿਆਤਮਿਕ ਬੰਧਨਾਂ ਵਿਚ ਫਸ ਜਾਂਦਾ ਹੈ।** ਅਸਥੂਲ ਮਾਇਕੀ ਬੰਧਨ ਤੋੜਨੇ ਸੌਖੇ ਹਨ, ਪਰ **ਧਾਰਮਿਕ** ਕਰਮ **ਕ੍ਰਿਆ ਦੇ ਫੋਕੇ ਰਸਮੀ ਬੰਧਨਾਂ ਵਿਚੋਂ ਛੁਟਕਾਰਾ ਪਾਉਣਾ ਅਤਿਅੰਤ ਔਖਾ ਯਾ ਨਾ ਮੁਮਕਿਨ ਹੈ!** ਕਿਉਂਕਿ ਇਹ **ਅਧਿਆਤਮਿਕ ਬੰਧਨ ਅਤੀ ਸੂਖਮ ਤੇ ਕੋਮਲ ਹੁੰਦੇ ਹਨ,** ਜਿਸ ਦੀ **ਜਗਿਆਸੂ ਨੂੰ ਖੁਦ ਸੋਝੀ ਨਹੀਂ ਹੁੰਦੀ** ਕਿ ਉਹ ਇਹਨਾਂ ਵਿਚ **ਜਕੜੇ ਹੋਏ ਹਨ। ਜਦ** ਜਗਿਆਸੂ ਨੂੰ ਕੁਝ ਜਪ, ਤਪ, ਪੂਜਾ ਤੇ ਹੋਰ ਅਧਿਆਤਮਿਕ ਘਾਲਨਾ ਘਾਲਦੇ ਹੋਏ, **ਰਿਧੀਆਂ-ਸਿਧੀਆਂ ਪ੍ਰਾਪਤ** ਹੋ ਜਾਂਦੀਆਂ ਹਨ, ਤੇ ਸਿਖੀ ਸੇਵਕੀ ਵੀ ਬਣ ਜਾਂਦੀ ਹੈ, ਉਸ ਦੇ ਮਨ ਵਿਚ **ਸਹਿਜ ਸੁਭਾਇ, ਅਚੇਤ ਹੀ ਸੂਖਮ 'ਹਉਮੈ' ਆ ਜਾਂਦਾ ਹੈ,** ਜਿਸ ਦੀ **ਉਸ ਨੂੰ ਉਕਾ ਹੀ ਸੋਝੀ ਨਹੀਂ ਹੁੰਦੀ।**

ਐਸੀ ਹਾਲਤ ਵਿਚ, **ਉਹ 'ਜਗਿਆਸੂ' ਨਹੀਂ ਰਹਿੰਦਾ,** ਤੇ ਲੋਕਾਂ ਵਿਚ ਸਿੱਖੀ-ਸੇਵਕੀ ਵਧਨ ਕਰ ਕੇ **'ਭਲਾ-ਭਲੇਰਾ', 'ਸਾਧ', 'ਸੰਤ', 'ਮਹੰਤ', 'ਮਹਾਂਪੁਰਖ', 'ਗੁਰੂ', 'ਸਤਿਗੁਰੂ', 'ਮਹਾਰਾਜ', 'ਸ੍ਰੀ 108', 'ਜਗਤ ਗੁਰੂ' ਬਣ ਬੈਠਦਾ ਹੈ,**



perceived or realised by the *'insight~ of the Soul-called 'Intuition'-in* the sublime company of Awakened Illuminated and Blessed Soul.

Every leaf, stone, flower-in fact every particle of the Cosmos-is an *open illustrated religious scripture-containing hidden sermons of Divine Light and Knowledge,* but the limited human *intelligence-engrossed and galvanized with materialistic knowledge-is incapable to comprehend and realise the Secret and Sacred Divine Knowledge-hidden deep inside these natural 'Scriptures of Divinity'* !

**It** is a pity that, with all the intellectual knowledge, scientific achievements, boastful modern civilization, and *surfeit of religions and religious knowledge - humanity has not improved morally, religiously or spiritually.* In fact, humanity has *'degenerated' in all aspects of life,* and *is suffering from Moral crises* !

It is quite obvious that humanity is unconsciously *heading towards the abyss of misery, self-destruction and hell* !

If a truth seeker forsakes 'materialistic' 'attachment-materialism', even then he gets enmeshed in spiritual entanglements. It is easy to break the concrete materialistic entanglements, but it is extremely difficult or almost impossible to escape from the hollow, traditional entanglements of religious rites-rituals! This is so because the truth-seeker is gripped by these very subtle and tender spiritual bonds, bonds about which he is unaware. After performing meditation, penance, worship and other spiritual efforts, the truth-seeker obtains occult power as well as a following among the Sikhs, then automatically, unconsciously subtle 'egotism' enters his mind without he being aware of it.

In this condition he does not remain a truth seeker, and because of the increase of his following, he assumes the position of one who is 'a paragon of virtue', 'evolved', 'a saint', 'a monk', 'a great soul', 'a guru', 'a satguru', 'a Maharaj' (great king), 'a Sri 108 (believed to be the highest designation in spirituality) and 'world guru',

ਤੇ 'ਡੇਰਾ' ਜਾਂ 'ਮੱਠ', ਠਾਠ-ਬਾਠ ਰਚਾ ਕੇ, ਪੂਜਾ ਪ੍ਰਤਿਸ਼ਠਾ ਵਧਾਉਂਦਾ ਹੈ। ਇਨ੍ਹਾਂ ਦੀ ਸੂਖਮ ਹਉਮੈ ਨੂੰ ਉਨ੍ਹਾਂ ਦੇ ਸਿੱਖ-ਸੇਵਕ ਖੂਬ ਵਡਿਆਈ ਦੇ ਪੱਠੇ ਪਾ-ਪਾ ਕੇ ਪਾਲਦੇ ਹਨ। ਨਤੀਜਾ ਇਹ ਹੁੰਦਾ ਹੈ, ਕਿ ਆਤਮਿਕ ਤੌਰ ਤੇ ਉਨ੍ਹਾਂ ਦੀ ਰੂਹਾਨੀ ਤਰੱਕੀ, ਰੁਕ ਹੀ ਨਹੀਂ ਜਾਂਦੀ, ਬਲਕਿ ਰਸਾਤਲ ਵਲ ਖਿਸਕਣੀ ਸ਼ੁਰੂ ਹੋ ਜਾਂਦੀ ਹੈ। ਤੇ ਆਪਣੇ ਆਲੇ-ਦੁਆਲੇ 'ਧਾਰਮਿਕ ਰਜਵਾੜਾ', 'ਡੇਰਾ', 'ਜਥਾ', 'ਸੰਪਰਦਾ', 'ਠਾਠ-ਬਾਠ' ਬਣਾ ਲੈਂਦੇ ਹਨ। ਮਿਸਾਲ ਦੇ ਤੌਰ ਤੇ ਪਿਛਲੇ ਜਮਾਨੇ ਵਿਚ, 'ਵਲੀ ਕੰਧਾਰੀ', 'ਮੀਆਂ ਮਿਠਾ', 'ਨੂਰ-ਸ਼ਾਹ' ਆਦਿ ਤੋਂ ਗੁਜ਼ਰੇ ਹਨ। ਪਰ ਅਜ ਕਲ – ਇਨ੍ਹਾਂ ਦੀ ਅੱਗੇ ਨਾਲੋਂ ਭੀ 'ਬਹੁਲਤਾ' ਵਿਖਾਈ ਦਿੰਦੀ ਹੈ।

ਇਸ ਤਰ੍ਹਾਂ ਅਨੇਕਾਂ ਈਮਾਨਦਾਰ (Sincere) ਜਗਿਆਸੂ, ਆਤਮਿਕ ਪੰਧ ਉਤੇ ਚਲਦੇ ਚਲਦੇ, ਰਾਹ ਵਿਚ ਅਟਕ ਜਾਂਦੇ ਹਨ।

"ਚਾਲੇ ਥੇ ਹਰਿ ਮਿਲਨ ਕਉ, ਬੀਚੈ ਅਟਕਿਓ ਚੀਤੁ ॥"

(ਪੰਨਾ—1369)

"ਕਬੀਰ ਸਿਖ ਸਾਖਾ ਬਹੁਤੇ ਕੀਏ, ਕੇਸੋ ਕੀਓ ਨ ਮੀਤੁ ॥"

(ਸ਼ਲੋਕ ਕਬੀਰ ਜੀ)

"ਕਬੀਰ ਮਾਇਆ ਤਜੀ ਤ ਕਿਆ ਭਇਆ,
ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ,
ਮਾਨ ਸਭੈ ਕਉ ਖਾਇ ॥" (ਪੰਨਾ—1372)

"ਵਿਣੁ ਪਾਰਸੈ ਪੂਜ ਨ ਹੋਵਈ, ਵਿਣੁ ਮਨ ਪਰਚੇ ਅਵਰਾ ਸਮਝਾਏ ॥
ਗੁਰੂ ਸਦਾਏ ਅਗਿਆਨੀ ਅੰਧਾ, ਕਿਸੁ ਓਹੁ ਮਾਰਗਿ ਪਾਏ ॥"

(ਪੰਨਾ—491)

"ਹਮ ਬਡ ਕਬਿ ਕੁਲੀਨ ਹਮ ਪੰਡਿਤ, ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ, ਇਹ ਬੁਧਿ ਕਬਹਿ ਨ ਨਾਸੀ ॥"

(ਪੰਨਾ—974)

"ਘਾਟਿ ਨ ਕਿਨਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥"

(ਪੰਨਾ—71)

ਐਸੇ ਹਉਮੈ ਦੇ 'ਅਧਿਆਤਮਕ-ਗੜ੍ਹ' ਵਿਚ ਕੈਦ ਹੋਈਆਂ ਰੂਹਾਂ ਦੀ 'ਮਾਨਸਿਕ ਤੇ ਅਧੋਗਤੀ' ਬੜੀ ਤਰਸਯੋਗ ਹੈ, ਕਿਉਂਕਿ ਇਸ ਸੂਖਮ 'ਹਉਮੈ-ਗੜ੍ਹ' ਨੂੰ 'ਸਤਿਗੁਰੂ' ਜਾਂ ਕੋਈ ਬਖਸ਼ਿਆ ਹੋਇਆ ਮਹਾਂਪੁਰਸ਼ ਹੀ ਤੋੜ ਸਕਦਾ ਹੈ।



and establishing a seminary, monastery with great display, increases his worship and glory. The Sikh followers of such people feed and nourish their subtle ego with the 'fodder' of extreme praise. The result is that from the spiritual point of view, their (so called holy men's) spiritual progress not only stops, but gradually starts moving towards hell and around themselves they create a 'religious kingdom', seminary, group, sect and great display. By way of illustration we had Wali kandhari', 'Meeaa Mitha', 'NurShah', etc. in the past but nowadays such people are seen in much greater numbers than in the past.

In this way many serious truth-seekers, experience a disruption while moving along the religious path.

1 *He set out on a journey to meet the Lord, but his consciousness failed him half-way.* 1369

2 *Kabeer has made many students and disciples, but he has not made God his friend.* 1369

3 *Kabeer, what good is it to give up Maya, if the mortal does not give up his pride?*
*Even the silent sages and seers are destroyed by pride; pride eats up everything.* 1372

4 *Without becoming the philosopher's stone, he does not inspire others to worship the Lord; without instructing his own mind, how can he instruct others?*
*The ignorant, blind man calls himself the guru, but to whom can he show the way?* 491

5 *I am a great poet, of noble heritage; I am a Pandit, a religious scholar, a Yogi and a Sannyaasi;*
*I am a spiritual teacher, a warrior and a giver - such thinking never ends.* 974

6 *Of these, no one admits to any deficiency;*
*all say that they have found the Lord.* 71

The mental condition and the downfall of these souls imprisoned in the 'spiritual-fort' of such egotism is very pitiful because this subtle 'egoistic-fort' can only be conquered by 'Satguru' (True Guru) or some spiritually elevated great soul.

"ਸਤਿਗੁਰ ਸੇਵਿ ਪਦਾਰਥੁ ਪਾਵਹਿ, ਛੂਟਹਿ ਸਬਦੁ ਕਮਾਈ ॥"
(ਪੰਨਾ—597)

"ਗੁਰ ਕੇ ਚਰਣ ਧਿਆਇ ਤੂੰ, ਤੂਟਹਿ ਮਾਇਆ ਬੰਧ ॥"
(ਪੰਨਾ—1093)

"ਸੰਤ ਪ੍ਰਸਾਦਿ ਮਹਾ ਸੁਖੁ ਪਾਇਆ, ਸਗਲੇ ਬੰਧਨ ਕਾਟੇ ॥"
(ਪੰਨਾ—573)

"ਸਾਧ ਸੰਗਿ ਤੁਟਹਿ ਹਉ ਬੰਧਨ, ਏਕੋ ਏਕ ਨਿਹਾਲੀਐ ॥"
(ਪੰਨਾ—1019)

"ਸੰਤ ਸਰਣਿ, ਸੰਤ ਟਹਲ ਕਰੀ, ਧੰਧੁ ਬੰਧੁ ਅਰੁ ਸਗਲ ਜੰਜਾਰੋ,
ਅਵਰ ਕਾਜ ਤੇ ਛੂਟਿ ਪਰੀ ॥" (ਪੰਨਾ—822)

"ਮਨ ਮੇਰੇ ਸਾਧ ਸਰਣਿ ਛੁਟਕਾਰਾ ॥" (611)

"ਜਿਨ ਹਰਿ ਜਪਿਆ, ਤਿਨ ਫਲੁ ਪਾਇਆ,
ਸਭਿ ਤੂਟੇ ਮਾਇਆ ਫੰਦੇ ॥" (ਪੰਨਾ—800)

"ਨਾਨਕ ਨਾਮੁ ਸਮਾਲਿ ਤੂੰ. ਬਧਾ ਛੁਟਹਿ ਜਿਤੁ ॥" (ਪੰਨਾ—729)

"ਨਾਮੁ ਨਿਧਾਨੁ ਜਨਿ ਜਿਨਿ ਜਪਿਓ, ਤਿਨ ਕੇ ਬੰਧਨ ਕਾਟੇ ॥"
(ਪੰਨਾ—496)

"ਬਿਨੁ ਨਾਵੈ ਕੋ ਛੂਟੈ ਨਾਹੀ, ਸਭ ਬਾਧੀ ਜਮਕਾਲਿ ॥"
(ਪੰਨਾ—569)

"ਰਾਮ ਨਾਮਿ ਲਗਿ ਛੂਟੀਐ ਭਾਈ, ਪੂਛਹੁ ਗਿਆਨੀਆ ਜਾਇ ॥"
(ਪੰਨਾ—603)

"ਕਹਿ ਰਵਿਦਾਸ ਸਭੈ ਜਗੁ ਲੂਟਿਆ ॥
ਹਮ ਤਉ ਏਕ ਰਾਮੁ ਕਹਿ ਛੂਟਿਆ ॥" (ਪੰਨਾ—794)

"ਜਨ ਨਾਨਕ ਅਨਦਿਨੁ ਨਾਮ ਜਪਹੁ ਹਰਿ ਸੰਤਹੁ,
ਇਹੁ ਛੂਟਣ ਕਾ ਸਾਚਾ ਭਰਵਾਸਾ ॥" (ਪੰਨਾ—860)

ਇਸ ਇਲਾਹੀ 'ਪ੍ਰੀਤ-ਡੋਰੀ' ਨੂੰ

ਅਨੁਭਵ ਕਰਨਾ
ਖਿਚ-ਖਾਣੀ
'ਖਿਚ' ਦੀਆਂ ਪ੍ਰੇਮ ਤਣਾਵਾਂ ਮਾਣਨੀਆਂ



1 *Serving the True Guru, the treasure is obtained; living the Word of the Shabad, one is emancipated.* 597

2 *Meditate on the Guru's Feet, and the bonds of Maya shall be cut away from you.* 1093

3 *By the Grace of the Saints, I have obtained supreme bliss, and all my bonds have been broken.* 573

4 *In the Saadh Sangat, the Company of the Holy, the bonds of egotism are released, and one comes to behold the One and only Lord.* 1019

5 *I seek the Sanctuary of the Saints, and I serve the Saints.*
*I am rid of all worldly concerns, bonds, entanglements and other affairs.* 822

6 *O my mind, emancipation is attained in the Sanctuary of the Holy Saints.* 611

7 *Those who meditate on the Lord obtain the fruits of their rewards, and the bonds of Maya are all broken.* 800

8 *O Nanak, contemplate the Naam, the Name of the Lord, and you shall be released from bondage.* 729

9 *Those humble beings who chant the treasure of the Naam, the Name of the Lord, have their bonds broken.* 496

10 *Without the Name, no one is emancipated. All are bound by the Messenger of Death.* 569

11 *Attached to the Lord's Name, one is emancipated, O Siblings of Destiny; go and ask the wise ones about this.* 603

12 *Says Ravi Daas, the whole world has been plundered,*
*but I have escaped, chanting the Name of the One Lord.* 794

13 *Servant Nanak speaks: night and day, chant the Lord's Name, O Saints; this is the only true hope for emancipation.* 860

To feel
To experience the pull
To enjoy the pull of the love string

of the Divine 'love cord'

ਹੀ, ਜੀਵ ਦਾ

'ਧਰਮੁ' ਹੈ
ਧਾਰਮਿਕ ਸਾਧਨਾ ਹੈ
'ਪ੍ਰੇਮ-ਭਗਤਿ' ਹੈ
ਆਤਮਿਕ ਮੰਜ਼ਿਲ ਹੈ ।

– ਦੂਜੇ ਲਫ਼ਜ਼ਾਂ ਵਿਚ, ਇਲਾਹੀ 'ਪ੍ਰੇਮ-ਸਵੈਪਨਾ' ਅਤੇ 'ਸ਼ਰਧਾ-ਭਾਵਨੀ' ਨਾਲ, ਕੀਤੇ ਹੋਏ

ਪਾਠ-ਪੂਜਾ
ਭਜਨ-ਬੰਦਗੀ
ਕਰਮ-ਕਿਰਿਆ
ਦਾਨ-ਪੁੰਨ
ਸਿਮਰਨ
ਕੀਰਤਨ
ਸ਼ਬਦ-ਸੁਰਤ ਕਮਾਈ ਤੇ
ਹੋਰ ਅਨੇਕਾਂ ਧਾਰਮਿਕ ਸਾਧਨਾਂ

ਸਭ, ਜਗਿਆਸੂ ਦੀ :—

**ਪ੍ਰਵਾਨ ਅਤੇ ਸਫ਼ਲ 'ਧਾਰਮਿਕ ਕਮਾਈ' ਹੈ ।**

"ਕਿਤੈ ਪ੍ਰਕਾਰਿ ਨ ਤੁਟਉ ਪ੍ਰੀਤਿ ॥
ਦਾਸ ਤੇਰੇ ਕੀ ਨਿਰਮਲ ਰੀਤਿ ॥" (ਪੰਨਾ—684)

"ਸਾਚ ਕਹੋਂ ਸੁਨ ਲੇਹੁ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥" (ਸਵੱਯੇ ਪਾ: ੧੦)

"ਕੇਵਲ ਕਰਮ ਭਰਮ ਸੇ ਚੀਨਹੁ,
ਧਰਮ ਕਰਮ ਅਨੁਰਾਗੋ ॥" (ਰਾਮਕਲੀ ਪਾ: ੧੦)

"ਨਾਨਕ ਸਾਈ ਭਲੀ ਪਰੀਤਿ,
ਜਿਤੁ ਸਾਹਿਬ ਸੇਤੀ ਪਤਿ ਰਹੈ ॥" (ਪੰਨਾ—560)

ਇਸੇ ਲਈ ਗੁਰਬਾਣੀ ਵਿਚ, **'ਇਲਾਹੀ-ਪ੍ਰੀਤ'** ਪੈਦਾ ਕਰਨ ਵਾਲੀ ਬਿਬੇਕ ਬੁੱਧੀ ਦੀ ਜਾਚਨਾ ਕਰਨ ਦੀ ਸਿਖਿਆ ਅਤੇ ਪ੍ਰੇਰਨਾ ਦਿੱਤੀ ਹੈ ।

"ਤੈਸੀ ਬੁਧਿ ਕਰਹੁ ਪਰਗਾਸਾ, ਲਾਗੈ ਪ੍ਰਭ ਸੰਗਿ ਪ੍ਰੀਤਿ ॥"
(ਪੰਨਾ—712)



is indeed man's

'religion'
religious discipline
'love-devotion'
spiritual goal.

In other words carrying out

recitation – worship
religious devotion
rites-rituals
charity
meditation
kirtan
earning shabad consciousness and
other numerous religious means

with divine love of one's own inner being and faith orientation is the truth seekers:-

accepted and successful 'religious earning'.

1 *The lifestyle of Your slave is so pure, that nothing can break his love for You.* *684*

2 *O Listen everyone, I speak the truth,*
*He who truly loves will surely merge with God.* *Sweyeh P 10*

3 *Except the Divine Love, consider all works leading you to the darkness. Engage yourself toward observance of the Moral Law (Dharma). Thus accumulate the wealth of the Divine Love, and stay away from sinful life. Ram P10 3/2*

4 *O Nanak, sublime is that love, which preserves my honor with my Lord Master.* *560*

For this reason in Gurbani there is advice and motivation for requesting, for that discriminating intellect which can create 'Divine-Love'.

5 *Please awaken such understanding within me, that I may be in love with You, God.* *712*

ਤਾਂ ਤੇ, ਗੁਰਬਾਣੀ ਦੇ ਸਿਧਾਂਤ ਅਨੁਸਾਰ :—

ਪ੍ਰੇਮ-ਸਵੈਪਨਾ
ਪ੍ਰੀਤ-ਡੋਰੀ
ਪ੍ਰੇਮ-ਤਣਾਵਾਂ
ਪ੍ਰੇਮ-ਭਾਵਨਾ
ਪਿਆਰ-ਤਾਂਘ

**ਦੀਆਂ ਸੂਖਮ ਆਤਮਿਕ ਭਾਵਨਾਵਾਂ ਹੀ**

**'ਜੀਵਨ' ਹੈ**
**'ਸ਼ਬਦੁ' ਹੈ**
**'ਨਾਮੁ' ਹੈ**
**'ਹਰਿ ਰਸ' ਹੈ**
**'ਹਰਿ ਰੰਗ' ਹੈ**
**'ਪ੍ਰੇਮਾ ਭਗਤੀ' ਹੈ**
**'ਆਤਮਿਕ ਮੰਜ਼ਿਲ' ਹੈ ।**

ਐਸੀਆਂ ਆਤਮਿਕ **'ਪ੍ਰੇਮ-ਸਵੈਪਨਾ' ਵਾਲੀਆਂ ਭਾਵਨਾਵਾਂ ਤੋਂ 'ਬਿਨਾਂ'**, 'ਇਨਸਾਨ' ਦਾ ਜੀਵਨ, **ਰੁਖਾ, ਸੁਖਾ ਅਤੇ 'ਮੁਰਦਾ' ਹੋ ਜਾਂਦਾ ਹੈ** :—

"ਜੋਬਨ ਜਾਂਦੇ ਨ ਡਰਾਂ, ਜੇ ਸਹ ਪ੍ਰੀਤਿ ਨ ਜਾਇ ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ, ਸੁਕਿ ਗਏ ਕੁਮਲਾਇ ॥"
(ਪੰਨਾ—1379)

"ਜਿਸੁ ਪਿਆਰੇ ਸਿਉ ਨੇਹੁ, ਤਿਸੁ ਆਗੈ ਮਰਿ ਚਲੀਐ ॥
ਧ੍ਰਿਗ ਜੀਵਣੁ ਸੰਸਾਰਿ, ਤਾ ਕੈ ਪਾਛੈ ਜੀਵਣਾ ॥" (ਪੰਨਾ—83)

"ਅੰਤਰਿ ਪਿਰੀ ਪਿਆਰੁ, ਕਿਉ ਪਿਰ ਬਿਨੁ ਜੀਵੀਐ ਰਾਮ ॥"
(ਪੰਨਾ—1113)

"ਅਤਿ ਸੁੰਦਰ ਕੁਲੀਨ ਚਤੁਰ, ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ, ਜਿਹ ਪ੍ਰੀਤਿ ਨਹੀ ਭਗਵੰਤ ॥"
(ਪੰਨਾ—253)

ਇਲਾਹੀ—ਪ੍ਰੇਮ-ਭਾਵਨਾ ਰਹਿਤ—**'ਮੁਰਦੇ ਜੀਵਨ' ਵਿਚੋਂ, ਹਉਮੈ ਅਤੇ 'ਦੂਜੇ ਭਾਉ' ਦੀ ਸੜਾਂਦ ਅਤੇ ਬਦਬੂ ਉਪਜਦੀ** ਹੈ, ਜਿਸ ਨਾਲ ਅਸੀਂ, ਆਪ ਭੀ



Therefore according to the doctrine of Gurbani:-

the subtle spiritual desires of

love of ones own inner being
love - cord
love - strings
love – desire

is indeed

life
Shabad
Naam
divine taste
divine colour
devotional love.

Without the desires of such spiritual 'love of one's own inner being', man's life becomes tasteless (insipid), dry and 'life-less'.

*I am not afraid of losing my youth, as long as I do not lose the Love of my Husband Lord.*
*Fareed, so many youths, without His Love, have dried up and withered away.* 1379

*Die before the one whom you love;*
*to live after he dies is to live a worthless life in this world.* 83

*My inner being is filled with love for my Beloved Husband Lord. How can I live without Him?* 1113

*He may be very handsome, born into a highly respected family, very wise, a famous spiritual teacher, prosperous and wealthy;*
*but even so, he is looked upon as a corpse, O Nanak, if he does not love the Lord God.* 253

From 'dead-life' – (that is life) without divine love-desire, sprouts the stench and bad odour of egotism and 'second love' with which not only we,

ਦਵੈਤ, ਘਿਰਨਾ ਅਤੇ 'ਤਅੱਸੁਬ' ਵਿਚ **ਸੜੀ ਜਾਂਦੇ ਹਾਂ**, ਅਤੇ ਦੂਜਿਆਂ ਨੂੰ **ਸਾੜੀ ਜਾਂਦੇ ਹਾਂ।**

ਇਸ ਤਰ੍ਹਾਂ ਮਾਇਕੀ ਮੰਡਲ ਦੇ **'ਬਾਹਰਮੁਖੀ ਧਰਮ'**

ਅਤੇ

ਅੰਤਰਮੁਖੀ ਇਲਾਹੀ ਮੰਡਲ ਦੇ **'ਆਤਮਿਕ ਧਰਮੁ'**

**ਵਿਚਕਾਰ**

**'ਪ੍ਰੇਮ ਸਵੈਪਨਾ'** ਯਾ **'ਪ੍ਰੀਤ ਡੋਰੀ' ਹੀ,**

**ਇਕੋ-ਇਕ :**

ਪਉੜੀ ਹੈ
ਵਿਚੋਲਾ ਹੈ
ਜੁਗਤ ਹੈ
**ਸੌਖਾ ਸਾਧਨ ਹੈ।**

ਇਸੇ **'ਪ੍ਰੇਮ ਸਵੈਪਨਾ'** ਦੀਆਂ ਆਤਮਿਕ **'ਉਡਾਰੀਆਂ' ਨੂੰ**, ਗੁਰਬਾਣੀ ਵਿਚ;

ਹਰਿ ਭਗਤਿ
ਪ੍ਰੇਮ ਭਗਤਿ
ਪ੍ਰੇਮ-ਬਿਛੋਹ
ਭਾਉ-ਭਗਤਿ
ਪ੍ਰੇਮ-ਰਸ
ਪ੍ਰੇਮ-ਰੰਗ
ਪਿਆਰੀ ਪ੍ਰੀਤ
ਪਿਰੀ ਪਿਆਰ
ਸਚੀ ਆਸ਼ਕੀ
ਪ੍ਰੇਮ ਪਟੋਲਾ
ਲਾਲ ਰੰਗ
ਮਜੀਠਾ ਰੰਗ
ਹਰਿ ਹਰਿ ਸ਼ਰਧਾ
ਭਾਉ ਭੋਜਨ
ਹਾਰ ਸ਼ਿੰਗਾਰ



burn ourselves in duality, hatred and fanaticism but also burn others.

In this way:

between

the 'external religion' of the materialistic sphere

and

the 'spiritual religion' of the internal divine sphere,

the 'love of ones inner being' or 'love-cord' is the one and only one:-

ladder
middle-man (match maker)
method
easy device.

These 'spiritual flights' of this 'love of the self within', have been mentioned in Gurbani with phrases such as:-

God's contemplation
love-meditation
love-separation
love-devotion
love-relish
love-colour
affectionate love
Lord's love
True love
love garments

red colour (denoting intense love)
permanent colour
God's faith
food of love
garland-decoration

L54/26

ਪ੍ਰੇਮ ਠਗਉਰੀ
ਮਹਾਂ ਕੇਲ
ਚਲੂਲ ਰੰਗ
ਰੰਗ ਰਲੀਆਂ

ਮਨ ਮੋਤੀ ਚੂਰ
ਵਡ ਗਹਨ ਗਹਨਈਆ
ਆਸ ਪਿਆਸੀ ਸੇਜ
ਸੇਜੜੀਏ ਅਜੰਬਰ
ਪ੍ਰਭ ਮਿਲਣੇ ਕੀ ਨੀਸਾਨੀ
ਚਰਨ ਕਮਲ ਕੀ ਮੌਜ,

ਆਦਿ, **ਸ਼ਬਦਾਂ ਨਾਲ, ਦਰਸਾਇਆ ਗਿਆ ਹੈ।**

ਨਿਰਸੰਦੇਹ, ਇਹ ਊਤਮ-ਊਚੀ, ਸੂਚਮ-ਸੂਚੀ ਬਖਸ਼ਿਸ਼

**ਗੁਰਪ੍ਰਸਾਦਿ**
**ਬਖਸ਼ੇ ਹੋਏ ਗੁਰਮੁਖਾਂ ਦੀ ਸੰਗਤ**
**ਸ਼ਬਦ-ਸੁਰਤ ਦੀ ਕਮਾਈ**

**ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ।**

"ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥" (ਪੰਨਾ—115)

"ਹਰਿ ਅੰਮ੍ਰਿਤ ਭਗਤਿ ਭੰਡਾਰ ਹੈ,
ਗੁਰ ਸਤਿਗੁਰ ਪਾਸੇ ਰਾਮ ਰਾਜੇ ॥" (ਪੰਨਾ—449)

"ਸਭੇ ਵੰਡਿ ਵੰਡਿ ਦਿਤਿਓਨੁ,
ਭਾਉ ਭਗਤਿ ਕਰਿ ਸਚੁ ਪਿਆਰਾ ॥
ਭਗਤਿ ਵਛਲੁ ਸਤਿਗੁਰੁ ਨਿਰੰਕਾਰਾ ॥" (ਵਾ: ਭਾ: ਗੁ: 26/22)

**"ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ,**
**ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥"** (ਪੰਨਾ—694)

**"ਕਿਰਪਾ ਕਰੇ ਜਿਸੁ ਪਾਰਬ੍ਰਹਮੁ, ਹੋਵੈ ਸਾਧੂ ਸੰਗੁ ॥**
**ਜਿਉ ਜਿਉ ਓਹੁ ਵਧਾਈਐ, ਤਿਉ ਤਿਉ ਹਰਿ ਸਿਉ ਰੰਗੁ ॥"**
(ਪੰਨਾ—71)



love intoxication
great play
scarlet colour (denoting deep affection)

mind's special 'sweetmeat'
magnificent secret grasp
bed decorated with thirst and longing
bed adorned in splendour
sign of meeting the Lord God
joy of the holy feet.

It is doubtless that this superior, lofty, pure blessing can only be obtained through:-

the Grace of the Guru

the company of spiritually elevated Guru-orientated souls and the cultivation of the connection of the Shabad and consciousness.

1 *The food of spiritual love is obtained when the True Guru is pleased.* 115

2 *The treasure of Ambrosial Nectar, the Lord's devotional service, is found through the Guru, the True Guru, O Lord King.* 449

3 *The True Guru, who is himself the Lord, loves his devotees (deeply).* *Var BG 26/22*

4 *Without the Saadh Sangat, the Company of the Holy, love for the Lord does not well up; without this love, Your devotional worship cannot be performed.* 694

5 *The Supreme Lord showers His Mercy, and we find the Saadh Sangat, the Company of the Holy.*
*The more time we spend there, the more we come to love the Lord.* 71

L54/27

"ਕਬੀਰ ਚੰਦਨ ਕਾ ਬਿਰਵਾ ਭਲਾ, ਬੇੜ੍ਹਿਓ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ, ਬਸੇ ਜੁ ਚੰਦਨ ਪਾਸਿ ॥" (ਪੰਨਾ—1365)

"ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥
ਪਾਇ ਲਗਉ ਮੋਹਿ ਕਰਉ ਬੇਨਤੀ,
ਕੋਊ ਸੰਤੁ ਮਿਲੈ ਬਡਭਾਗੀ ॥" (ਪੰਨਾ—204)

"ਸਬਦ ਸੇਤੀ ਮਨੁ ਮਿਲਿਆ, ਸਚੈ ਲਾਇਆ ਭਾਉ ॥" (ਪੰਨਾ—920)

**"ਜਿਸਨੋ ਪ੍ਰੇਮ ਮੰਨਿ ਵਸਾਏ ॥ ਸਾਚੇ ਸਬਦਿ ਸਹਜਿ ਸੁਭਾਏ ॥"**
(ਪੰਨਾ—1016)

**"ਗੁਰ ਕੈ ਸਬਦਿ ਸਲਾਹੀਐ, ਅੰਤਰਿ ਪ੍ਰੇਮ ਪਿਆਰੁ ॥"**
(ਪੰਨਾ—1286)

ਹਾਂ ਜੀ ! ਇਹੋ **'ਇਲਾਹੀ-ਪਿਆਰ-ਰੂਪੀ'**, 'ਨਾਲ-ਲਿਖਿਆ ਹੋਇਆ' **'ਇਕੋ-ਇਕ'**, **'ਸਰਬ-ਸਾਂਝਾ'**, **'ਆਤਮਿਕ ਧਰਮੁ' ਹੀ :—**

ਗੁਪਤ ਨਾਮੁ ਹੈ
'ਰਸ ਭਿੰਨੜੀ ਝਰਨਾਹਟ' ਹੈ
'ਅਨੰਦ ਦੀ ਕੰਬਣੀ' ਹੈ
'ਆਤਮ-ਹਿੰਡੋਲਾ' ਹੈ
'ਆਤਮ-ਰਸ ਦਾ ਵਾਵਰੋਲਾ' ਹੈ
'ਆਤਮ ਮਹਾਂ-ਰਸ' ਹੈ
'ਆਤਮ-ਮੌਜ' ਹੈ
'ਆਤਮ-ਮਸਤੀ' ਹੈ
'ਅਨਹਦ-ਧੁਨੀ' ਹੈ
'ਦਾਮਨੀ-ਜੋਤ' ਹੈ
'ਅਬਿਚਲੀ ਜੋਤ' ਹੈ
'ਆਤਮ-ਲਹਿਰ' ਹੈ
'ਮਿਠੜੀ ਆਤਮਿਕ ਕੰਬਣੀ' ਹੈ



1 *Kabeer, the sandalwood tree is good, even though it is surrounded by weeds. Those who dwell near the sandalwood tree, become just like the sandalwood tree.* *1365*

2 *The loving desire to meet my Beloved has arisen within my mind. I touch His Feet, and offer my prayer to Him. If only I had the great good fortune to meet the Saint.* *204*

3 *One whose mind is attuned to the Shabad, enshrines love for the True Lord.* *920*

4 *One whose mind is filled with the Lord's Love, is intuitively exalted by the True Word of the Shabad.* *1016*

5 *Some, according to Your Will, are in love with Maya.* *1286*

O yes! This 'form of divine love' which is 'in-laid', 'one and only one', 'shared by all', 'spiritual religion' is indeed the:-

hidden Naam
blissful tremor like pulse
vibrations of bliss (reverberation)
'spiritual swing'
whirlwind of spiritual relish
great spiritual relish
spiritual comfort
spiritual intoxication
celestial melody
lightening light
motionless light
spiritual ecstatic delight
sweet spiritual vibrations

‘ਆਤਮ ਗੁਝੜਾ ਲਾਲ’ ਹੈ
‘ਬਬੀਹੇ ਲਈ ਸ੍ਵਾਂਤੀ ਬੂਦ’ ਹੈ
‘ਮਰਜੀਵੜਿਆਂ ਦਾ ਦੇਸ਼’ ਹੈ
‘ਅਗੰਮੀ ਲਰਜ਼ਸ਼’ ਹੈ

‘ਇਲਾਹੀ ਵਲਵਲਾ’ ਹੈ
‘ਅਨਹਦ ਝੁਨਕਾਰ’ ਹੈ
‘ਚੁੰਬਕੀ-ਖਿਚ’ ਹੈ
‘ਸਚਾ ਨੀਸਾਨੁ’ ਹੈ
‘ਮੁਕਤੀ ਦਾਤਾ’ ਹੈ
‘ਸਹਿਜ-ਰਸ’ ਹੈ
‘ਕਾਇਆ-ਕੰਚਨ’ ਹੈ
‘ਸਹਿਜ ਜਗੋਟਾ’ ਹੈ
‘ਅੰਤਰ ਨਾਮ ਨਿਧਾਨ’ ਹੈ
‘ਖੂਹਟਾ ਅੰਮ੍ਰਿਤ ਭਰਿਆ’ ਹੈ
‘ਹਰਿ ਬੁੱਕਲ’ ਹੈ
‘ਸੁਖ-ਸਾਗਰ’ ਹੈ
‘ਲਕੁਟੀ-ਟੋਹਣੀ’ ਹੈ
‘ਜਾਲ-ਮਨੁਕੜਾ’ ਹੈ
‘ਖੀਵਾ-ਅੰਮ੍ਰਿਤ’ ਹੈ
‘ਖੇਂਦ-ਖੁਮਾਰੀ’ ਹੈ

‘ਲਾਲ-ਅਮੋਲਾ’
‘ਮਿਲਾਵਨ-ਹਾਰਾ’ ਹੈ
‘ਗੋਬਿੰਦ-ਗਜਿਆ’ ਹੈ
‘ਅੱਖਰ-ਹੀਨ’ ਹੈ
‘ਬੋਲੀ-ਹੀਨ’ ਹੈ



hidden spiritual ruby
rain drop for the pied cuckoo
country of the ones reborn
unfathomable tremor

divine emotion
unstruck jingling
magnetic pull
‘True signal’
salvation giver
relish of spontaneity
golden like body
loin cloth of poise (highest spiritual state)
inner treasure of Naam
well, filled with nectar
God’s embrace
ocean of comfort
stick crutch (as a support)
sinker (that keeps a net taut)
joyful nectar
headgear of intoxication

precious beloved
cause of coming together (introducer)
thunder of the Lord
letter-less (inexpressible via letters)
word less (inexpressible via words)

L54/29

'ਦੇਸ-ਕਾਲ' ਹੀਨ ਹੈ

'ਰਵਿ-ਰਹਿਆ-ਭਰਪੂਰ' ਹੈ

'ਜੀਵਨ-ਰੂਪ' ਹੈ

'ਪਿਰਮ-ਪਿਆਲਾ' ਹੈ

'ਜੀਵਨ-ਰੌਂ' ਹੈ ।

ਪਰ ਇਹ **ਆਤਮਿਕ ਮੰਡਲ ਦੀ ਖੇਲ, ਨਿਰਾਲੀ ਤੇ ਔਖੀ ਹੈ :—**

"ਉਸਤਤਿ ਨਿੰਦਾ ਦੋਊ ਤਿਆਗੈ, ਖੋਜੈ ਪਦੁ ਨਿਰਬਾਨਾ ॥
**ਜਨ ਨਾਨਕ ਇਹੁ ਖੇਲੁ ਕਠਨੁ ਹੈ,** ਕਿਨਹੂੰ ਗੁਰਮੁਖਿ ਜਾਨਾ ॥"
(ਪੰਨਾ—219)

"ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥
ਰਾਮ ਕਸਉਟੀ ਸੋ ਸਹੈ, ਜੋ ਮਰਜੀਵਾ ਹੋਇ ॥" (ਪੰਨਾ—1366)

ਇਹੀ **ਔਖੀ ਆਤਮਿਕ ਖੇਡ,** ਬਖਸ਼ੇ ਹੋਏ **ਗੁਰਮੁਖ ਪਿਆਰਿਆਂ ਦੀ ਸੰਗਤ ਤੇ ਅਗਵਾਈ ਵਿਚ, ਸੌਖੀ ਤੇ ਰਸੀਲੀ ਹੋ ਜਾਂਦੀ ਹੈ :—**

"ਸਾਧ ਕੈ ਸੰਗਿ ਨਹੀ ਕਛੁ ਘਾਲ ॥" (ਪੰਨਾ—272)

**ਜੀਵ, 'ਮਾਇਕੀ ਜੀਵਨ-ਰੌੜ' ਵਿਚ**

**ਅਭੋਲ**

**ਅਵੱਸ**

**ਅਨਜਾਣੇ**

**ਸਹਜ-ਸੁਭਾਇ**

ਸੁਤੇ ਸਿਧ

**ਹੀ ਰੁੜੀ ਜਾ ਰਹੇ ਹਨ,** ਅਤੇ ਜੀਵਨ ਦੇ **'ਆਤਮਿਕ ਪੱਖ' ਵਲੋਂ** ਬਿਲਕੁਲ :

**ਬੇਖਬਰ**

**ਅਨਜਾਣ**



beyond time or space

wholly permeating

life-giving

love-cup

life current.

But this play of the spiritual sphere is novel and difficult.

1 *Renounce both praise and blame; seek instead the state of Nirvaanaa.*
*O servant Nanak, this is such a difficult game; only a few Gurmukhs understand it!* *219*

2 *Kabeer, no one who is false can withstand the Touchstone of the Lord.*
*He alone can pass the test of the Lord's Touchstone, who remains dead while yet alive.* *1366*

This difficult spiritual play becomes easy and attractive in the company and guidance of Guru-orientated spiritually elevated beloved ones.

3 *In the Company of the Holy, there is no suffering (of intense effort).* *272*

Men are being carried away in the 'materialistic life-flow'

innocently

unavoidably

unknowingly

automatically

spontaneously

and they are either completely

uninformed

ignorant

ਅਗਿਆਨੀ

ਬੇਮੁਖ

ਯਾ ਜਾਣ-ਬੁਝ ਕੇ ਬੇ-ਪ੍ਰਵਾਹ, ਮਚਲੇ ਅਤੇ ਢੀਠ **ਹੋਏ ਪਏ ਹਨ।**

ਜੀਵਨ ਦੀ ਇਸ **'ਮਾਇਕੀ ਬਿਰਤੀ'** (Materialistic Consciousness) **ਦੀ 'ਰੌੜ' ਨੂੰ**

**ਠੱਲ੍ਹ ਕੇ**

**ਰੁਖ ਮੋੜ ਕੇ**

**ਬਦਲ ਕੇ**

**ਆਤਮਿਕ ਜੀਵਨ ਵਲ**

ਪ੍ਰੇਰਨਾ ਕਰਨੀ

ਉਕਸਾਉਣਾ

ਸੇਧ ਦੇਣੀ

ਸਹਾਇਕ

**ਹੋਣਾ ਹੀ ਜੀਵ ਦਾ**

**'ਸਰਬਗ-ਧਰਮੁ' ਹੈ,**

ਜਿਸ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਹੈ :—

"ਸਾਇਰ ਸਪਤ ਭਰੇ ਜਲ ਨਿਰਮਲਿ, **ਉਲਟੀ ਨਾਵ ਤਰਾਵੈ ॥**
ਬਾਹਰਿ ਜਾਤੌ ਠਾਕਿ ਰਹਾਵੈ, ਗੁਰਮੁਖਿ ਸਹਜਿ ਸਮਾਵੈ ॥"

(ਪੰਨਾ—1332)

"ਗੁਰਮੁਖਿ ਹੋਵੈ ਸੁ **ਪਲਟਿਆ**, ਹਰਿ ਰਾਤੀ ਸਾਜਿ ਸੀਗਾਰਿ ॥"

(ਪੰਨਾ—785)

"**ਉਲਟੀ ਰੇ** ਮਨ ਉਲਟੀ ਰੇ ॥ **ਸਾਕਤ ਸਿਉ ਕਰਿ ਉਲਟੀ ਰੇ ॥**"

(ਪੰਨਾ—535)

"ਅਬ ਮਨੁ **ਉਲਟਿ ਸਨਾਤਨ ਹੂਆ ॥**
ਤਬ ਜਾਨਿਆ ਜਬ ਜੀਵਤ ਮੂਆ ॥" (ਪੰਨਾ—327)



without knowledge

defiant

or are purposely indifferent, pretending and being stubborn.

Stopping

turning the direction

changing

the flow of this materialistic consciousness of life towards spiritual life and then

motivating

stimulating

guiding

helping (towards spiritual life)

is indeed the

'omniscient religion'

of man which is described in Gurbani thus:-

1. *The seven seas are overflowing with the Immaculate Water; the inverted boat floats across.*
   *The mind which wandered in external distractions is restrained and held in check; the Gurmukh is intuitively absorbed in God.* *1332*

2. *But she who becomes Gurmukh, turns away from corruption and adorns herself, attuned to the Love of the Lord.* *785*

3. *Turn away, O my mind, turn away.*
   *Turn away from the faithless cynic.* *535*

4. *My mind has now been restored to its original purity.*
   *When I became dead while yet alive, only then did I come to know the Lord.327*

The process of *transition of Soul,* from Materialistic Consciousness, to the Divine-Consciousness, is called *RELIGION;* thus :-

*to enjoy* the bliss of Divine Grace & Love, and

*to be merged* & *Lost in DIVINE Love* is the *ultimate goal*

*of RELJGION an d fulfillment of Soul.*

*the end*